@Qpatrika
@qaumipatrika punjabi
instagram.com/qaumipatrika

Largest Circulated

विश्व भर में सबसे ज्यादा पढ़ा जाने वाला

ਕੌਮੀ ਪਤ੍ਰਿਕਾ
Qaumi Patrika NO.1

Punjabi National Daily

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Monday, 28 October 2024

VISIT: www.qaumipatrika.org
Email: qpatrika@gmail.com

ਨਵੀਂ ਦਿੱਲੀ: ਸੋਮਵਾਰ 28 ਅਕਤੂਬਰ 2024, 14 ਕੱਤਕ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81— ਸੰਪਾਦਕ — ਗੁਰਚਰਨ ਸਿੰਘ ਬੱਬਰ — ਸਾਲ — 42, ਅੰਕ 353, qpatrika@gmail.com ਫੋਨ : 9971359517 www.qaumipatrika.org

ਬੁਲਡੋਜਰ ਮਾਮਲੇ 'ਚ ਮੁਸਲਿਮ ਧਿਰ ਨੂੰ ਝਟਕਾ, ਸੁਪਰੀਮ ਕੋਰਟ ਤੋਂ ਨਹੀਂ ਮਿਲੀ ਰਾਹਤ

ਨਵੀਂ ਦਿੱਲੀ 27 ਅਕਤੂਬਰ। ਗੁਜਰਾਤ ਦੇ ਗਿਰ ਸੋਮਨਾਥ 'ਚ ਮੁਸਲਿਮ ਧਾਰਮਿਕ ਥਾਵਾਂ ਤੇ ਹੋਰ ਇਮਾਰਤਾਂ ਨੂੰ ਬੁਲਡੋਜਰ ਨਾਲ ਡੇਗਣ ਦੇ ਮਾਮਲੇ 'ਚ ਸਥਿਤੀ ਜਿਉਂ ਦੀ ਤਿਉਂ ਬਣਾਈ ਰੱਖਣ ਦਾ ਸੁੱਕਰਵਾਰ ਹੁਕਮ ਦੇਣ ਤੋਂ ਇਨਕਾਰ ਕਰ ਕੇ ਸੁਪਰੀਮ ਕੋਰਟ ਨੇ ਮੁਸਲਿਮ ਧਿਰ ਨੂੰ ਝਟਕਾ ਦਿੱਤਾ। ਮਾਮਲੇ ਦੀ ਸੁਣਵਾਈ ਦੇ ਸੁਰੂ 'ਚ ਜਸਟਿਸ ਬੀ. ਆਰ. ਗਵਈ ਤੇ ਜਸਟਿਸ ਕੇ. ਵੀ. ਵਿਸਵਨਾਥਨ ਦਾ ਬੈਂਚ ਸਥਿਤੀ ਨੂੰ ਜਿਉਂ ਦੀ ਤਿਉਂ ਬਣਾਈ ਰੱਖਣ ਦੇ ਹੱਕ 'ਚ ਸੀ। ਜਿਵੇਂ ਹੀ ਸੁਣਵਾਈ ਸੁਰੂ ਹੋਈ, ਬੈਂਚ ਨੇ ਕਿਹਾ ਕਿ ਇਸ ਪੜਾਅ 'ਤੇ ਅਜਿਹੇ ਕਿਸੇ ਹੁਕਮ ਦੀ ਲੋੜ ਨਹੀਂ।

ਮੁਸਲਿਮ ਧਿਰ ਵੱਲੋਂ ਪੇਸ ਹੋਏ ਸੀਨੀਅਰ ਵਕੀਲ ਕਪਿਲ ਸਿੱਬਲ ਨੇ ਕਿਹਾ ਕਿ ਇਹ ਜਾਇਦਾਦਾਂ ਵਕਫ ਦੀ ਜਮੀਨ 'ਤੇ ਬਣਾਈਆਂ ਗਈਆਂ ਹਨ। ਸੂਬਾ ਸਰਕਾਰ ਨੂੰ ਨਿਰਦੇਸ ਦਿੱਤਾ ਜਾਣਾ ਚਾਹੀਦਾ ਹੈ ਕਿ ਉਹ ਕਿਸੇ ਤੀਜੀ ਧਿਰ ਦੇ ਅਧਿਕਾਰ ਪੈਦਾ ਨਾ ਕਰੇ। ਗੁਜਰਾਤ ਸਰਕਾਰ ਵੱਲੋਂ ਪੇਸ ਹੋਏ ਸਾਲਿਸਟਰ ਜਨਰਲ ਤੁਸਾਰ ਮਹਿਤਾ ਨੇ ਕਿਹਾ ਕਿ ਪਟੀਸਨਰ ਔਲੀਆ-ਏ-ਦੀਨ ਕਮੇਟੀ ਦੇ ਨਾਂ 'ਤੇ ਕੁਝ ਵੀ ਨਹੀਂ ਹੈ। ਇਹ ਸਰਕਾਰੀ ਜਮੀਨ ਹੈ। ਸਿਖਰਲੀ ਅਦਾਲਤ ਗੁਜਰਾਤ ਦੇ ਅਧਿਕਾਰੀਆਂ ਵਿਰੁੱਧ ਇਕ ਮਾਣਹਾਨੀ ਪਟੀਸਨ ਦੀ ਸੁਣਵਾਈ ਕਰ ਰਹੀ ਹੈ ਜਿਸ 'ਚ ਅੰਤਰਿਮ ਰੋਕ ਦੇ ਬਾਵਜੂਦ ਤੇ ਉਸ ਦੀ ਅਗਾਊਂ ਆਗਿਆ ਤੋਂ ਬਿਨਾਂ ਸੂਬੇ 'ਚ ਰਿਹਾਇਸੀ ਅਤੇ ਧਾਰਮਿਕ ਢਾਂਚਿਆਂ ਨੂੰ ਗੈਰ-ਕਾਨੂੰਨੀ ਢੰਗ ਨਾਲ ਢਾਹੁਣ ਦਾ ਦੋਸ ਲਾਇਆ ਗਿਆ ਹੈ।

ਪੰਜਾਬ ਭਾਜਪਾ ਦੇ ਵਫਦ ਨੇ ਰਾਜਪਾਲ ਨਾਲ ਕੀਤੀ ਮੁਲਾਕਾਤ

ਚੰਡੀਗੜ੍ਹ 27 ਅਕਤੂਬਰ। ਪੰਜਾਬ ਭਾਜਪਾ ਦੇ ਵਫਦ ਨੇ ਕਿਸਾਨੀ ਮੁੱਦਿਆਂ ਨੂੰ ਲੈ ਕੇ ਅੱਜ ਰਾਜਪਾਲ ਗੁਲਾਬ ਚੰਦ ਕਟਾਰੀਆ ਨਾਲ ਮੁਲਾਕਾਤ ਕੀਤੀ। ਇਸ ਮੌਕੇ ਭਾਜਪਾ ਆਗੂ ਪਰਨੀਤ ਕੌਰ ਵੀ ਮੌਜੂਦ ਸਨ। ਉਨ੍ਹਾਂ ਕਿਹਾ ਕਿ ਪੰਜਾਬ 'ਚ ਝੋਨੇ ਦੀ ਖਰੀਦ ਨਾ ਹੋਣ ਦੇ ਵਿਰੋਧ 'ਚ ਕਿਸਾਨ ਸੜਕਾਂ 'ਤੇ ਉਤਰ ਆਏ

ਹਨ। ਕਿਸਾਨਾਂ ਨੇ ਪੰਜਾਬ 'ਚ ਕਈ ਥਾਵਾਂ 'ਤੇ ਹਾਈਵੇਅ ਜਾਮ ਕੀਤੇ ਹੋਏ ਹਨ ਅਤੇ ਐਤਵਾਰ ਨੂੰ ਵੀ ਕਿਸਾਨਾਂ ਦੇ ਧਰਨੇ-ਪ੍ਰਦਰਸ਼ਨ ਜਾਰੀ ਹਨ। ਇਸ ਮੌਕੇ ਭਾਜਪਾ ਦੇ ਵਫਦ ਨੇ ਰਾਜਪਾਲ ਨੂੰ ਝੋਨੇ ਦੀ ਖਰੀਦ ਦੇ ਮੁੱਦੇ 'ਤੇ ਮੰਗ ਪੱਤਰ ਵੀ ਸੌਂਪਿਆ। ਪਰਨੀਤ ਕੌਰ ਸਮੇਤ ਭਾਜਪਾ ਆਗੂਆਂ ਨੇ ਰਾਜਪਾਲ ਨੂੰ ਅਪੀਲ ਕੀਤੀ ਕਿ ਉਹ ਪੰਜਾਬ ਸਰਕਾਰ ਨੂੰ ਧਰਨੇ 'ਤੇ ਬੈਠੇ ਕਿਸਾਨਾਂ ਦੀਆਂ ਸਮੱਸਿਆਵਾਂ ਨੂੰ ਤੁਰੰਤ ਹੱਲ ਦੇ ਨਿਰਦੇਸ਼ ਦੇਣ ਤਾਂ ਜੋ ਜਲਦੀ ਤੋਂ ਜਲਦੀ ਝੋਨੇ ਦੀ ਖਰੀਦ ਸ਼ੁਰੂ ਕਰਵਾਈ ਜਾਵੇ ਅਤੇ ਦੀਵਾਲੀ ਤੋਂ ਪਹਿਲਾਂ ਕਿਸਾਨ ਫਸਲ ਨੂੰ ਵੇਚ ਕੇ ਆਪਣੇ ਘਰ ਜਾ ਸਕੇ।

ਹਾਈਵੇਅ ਜਾਮ ਕਰਨ ਵਾਲੇ ਕਿਸਾਨਾਂ ਨੂੰ ਮੁੱਖ ਮੰਤਰੀ ਮਾਨ ਦੀ ਨਸ਼ੀਹਤ !

ਚੰਡੀਗੜ੍ਹ 27 ਅਕਤੂਬਰ। ਮੁੱਖ ਮੰਤਰੀ ਮਾਨ ਨੇ ਸਾਰੀਆਂ ਕਿਸਾਨ ਯੂਨੀਅਨਾਂ ਨੂੰ ਅਪੀਲ ਕੀਤੀ ਹੈ ਕਿ ਉਹ ਸੜਕਾਂ ਜਾਂ ਹਾਈਵੇਅ ਜਾਮ ਨਾ ਕਰਨ ਕਿਉਂਕਿ ਇਸ ਨਾਲ ਲੋਕਾਂ ਨੂੰ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਸਾਨੂੰ ਸਾਰਿਆਂ ਨੂੰ ਸਮੱਸਿਆਵਾਂ ਦਾ ਪਤਾ ਹੈ। ਉਨ੍ਹਾਂ ਕਿਹਾ ਕਿ ਮੰਡੀਆਂ 'ਚ ਝੋਨਾ ਆ ਰਿਹਾ ਹੈ ਅਤੇ ਖਰੀਦ ਹੋ ਰਹੀ ਹੈ। ਇਸ ਤੋਂ ਇਲਾਵਾ ਆੜ੍ਹਤੀਆਂ ਦੇ ਮਸਲੇ ਹੱਲ ਹੋ ਰਹੇ ਹਨ। ਉਨ੍ਹਾਂ ਕਿਹਾ ਕਿ ਸਿਰਫ ਸ਼ੈੱਲਰਾਂ ਦੀ ਸਮੱਸਿਆ ਹੈ, ਜੋ ਕਿ ਕੇਂਦਰ ਸਰਕਾਰ ਨਾਲ ਹੈ। ਮੁੱਖ ਮੰਤਰੀ ਮਾਨ ਨੇ ਕਿਹਾ ਕਿ ਸੀਜਨ ਦੇ ਚੱਲਦਿਆਂ ਲੋਕਾਂ ਦੀ ਅਸੁਵਿਧਾ ਦਾ ਕਾਰਨ ਬਣ ਰਿਹਾ ਅੰਦੋਲਨ ਜਾਇਜ ਨਹੀਂ ਹੈ। ਉਨ੍ਹਾਂ ਕਿਹਾ ਕਿ ਜੇਕਰ ਕੇਂਦਰ ਸਰਕਾਰ ਨੇ ਮਿੱਲ ਮਾਲਕਾਂ ਦੀ ਉਪਜ ਦੀ ਚੁਕਾਈ ਨਹੀਂ ਕੀਤੀ ਤਾਂ ਸੂਬਾ ਸਰਕਾਰ ਆਪਣੇ ਪੱਧਰ 'ਤੇ ਇਸ ਦਾ ਹੱਲ ਕਰੇਗੀ। ਉਨ੍ਹਾਂ ਕਿਹਾ ਕਿ ਇਸ ਮੁੱਦੇ ਨੂੰ ਲੈ ਕੇ ਸਿਆਸਤ ਨਹੀਂ ਕੀਤੀ ਜਾਣੀ ਚਾਹੀਦੀ। ਦੱਸਣਯੋਗ ਹੈ ਕਿ ਝੋਨੇ ਦੀ ਫਸਲ ਨੂੰ ਲੈ ਕੇ ਸੂਬੇ ਦੇ ਕਿਸਾਨਾਂ ਵਲੋਂ ਪਿਛਲੇ ਕਈ ਦਿਨਾਂ ਤੋਂ ਧਰਨੇ ਲਾਏ ਜਾ ਰਹੇ ਹਨ ਅਤੇ ਸੂਬੇ ਦੇ ਨੈਸ਼ਨਲ ਹਾਈਵੇਅ ਨੂੰ ਜਾਮ ਕਰ ਰਹੇ ਹਨ, ਜਿਸ ਕਾਰਨ ਆਮ ਲੋਕਾਂ ਨੂੰ ਭਾਰੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਗੰਗਾ-ਜਮੁਨੀ ਸੱਭਿਆਚਾਰ, ਦਿੱਲੀ ਦੀ ਏਕਤਾ ਦਾ ਪ੍ਰਤੀਕ: ਮੁੱਖ ਮੰਤਰੀ ਆਤਿਸ਼ੀ

ਸਿੰਮੀ ਕੌਰ ਬੱਬਰ

ਨਵੀਂ ਦਿੱਲੀ 27 ਅਕਤੂਬਰ। ਦਿੱਲੀ ਦੇ ਮੁੱਖ ਮੰਤਰੀ ਆਤਿਸ਼ੀ ਨੇ ਮਹਿਰੌਲੀ ਦੇ ਇਤਿਹਾਸਕ ਜਹਾਜ ਮਹਿਲ 'ਚ 'ਫੂਲ ਵਾਲਿਆਂ ਦੀ ਸੈਰ' ਦੇ ਸਮਾਪਤੀ ਸਮਾਰੋਹ 'ਚ ਸਿਰਕਤ ਕੀਤੀ ਅਤੇ ਰਾਸ਼ਟਰੀ ਰਾਜਧਾਨੀ ਦੇ ਗੰਗਾ-ਜਮੁਨੀ ਸੱਭਿਆਚਾਰ ਨੂੰ ਬਣਾਈ ਰੱਖਣ ਅਤੇ ਅਨੇਕਤਾ 'ਚ ਏਕਤਾ ਨੂੰ ਉਤਸਾਹਿਤ ਕਰਨ 'ਚ ਇਸ ਤਿਉਹਾਰ ਦੀ ਭੂਮਿਕਾ 'ਤੇ ਜੋਰ ਦਿੱਤਾ। ਆਤਿਸ਼ੀ ਨੇ ਕਿਹਾ, 'ਫੂਲ ਵਾਲਿਆਂ ਕੀ ਸੈਰ' ਸਿਰਫ ਇੱਕ ਤਿਉਹਾਰ ਨਹੀਂ ਹੈ। ਇਹ ਤਿਉਹਾਰ ਦਿੱਲੀ ਦੀ ਗੰਗਾ-ਜਮੁਨੀ ਸੱਭਿਆਚਾਰ ਦੀ ਸਦੀਆਂ ਪੁਰਾਣੀ ਪਰੰਪਰਾ ਨੂੰ ਕਾਇਮ ਰੱਖਦਾ ਹੈ ਅਤੇ ਮਨੁੱਖਤਾ ਦਾ ਸੰਦੇਸ਼ ਫੈਲਾਉਂਦਾ ਹੈ।' ਸਾਰੇ ਭਾਈਚਾਰਿਆਂ ਨੂੰ ਇਕੱਠਾ ਕਰਨ ਵਾਲੇ ਇਸ ਪ੍ਰਸਿੱਧ ਤਿਉਹਾਰ ਵਿੱਚ ਭਾਰਤ ਤੋਂ ਆਏ ਕਲਾਕਾਰਾਂ ਨੇ ਪੇਸਕਾਰੀ ਕੀਤੀ ਅਤੇ ਕੱਵਾਲੀ ਨੇ ਮਾਹੌਲ ਨੂੰ ਖੁਸਨੁਮਾ ਬਣਾ ਦਿੱਤਾ। ਆਤਿਸ਼ੀ ਨੇ ਇਕੱਠ ਨੂੰ ਸੰਬੋਧਨ ਕਰਦਿਆਂ ਹੋਇਆ ਦਿੱਲੀ ਵਿੱਚ ਆਪਣੇ ਬਚਪਨ ਦੀਆਂ ਯਾਦਾਂ ਸਾਂਝੀਆਂ ਕੀਤੀਆਂ ਅਤੇ ਸਹਿਰ ਦੀ ਏਕਤਾ ਦੀ ਭਾਵਨਾ ਨੂੰ ਰੇਖਾਂਕਿਤ ਕੀਤਾ। ਦਿੱਲੀ ਯੂਨੀਵਰਸਿਟੀ

ਕੈਂਪਸ ਵਿੱਚ ਵੱਡੀ ਹੋਈ ਆਤਿਸ਼ੀ ਨੇ ਇੱਕ ਅਜਿਹੇ ਮਾਹੌਲ ਦਾ ਅਨੁਭਵ ਕੀਤਾ ਜਿੱਥੇ ਵੱਖ-ਵੱਖ ਧਰਮਾਂ ਅਤੇ ਸੱਭਿਆਚਾਰਾਂ ਦੇ ਤਿਉਹਾਰ ਸਮੂਹਿਕ ਤੌਰ 'ਤੇ ਮਨਾਏ ਜਾਂਦੇ ਸਨ। ਆਤਿਸੀ ਦੇ ਮਾਤਾ-ਪਿਤਾ ਦਿੱਲੀ ਯੂਨੀਵਰਸਿਟੀ ਵਿੱਚ ਪ੍ਰੋਫੈਸਰ ਸਨ। ਉਹਨਾਂ ਕਿਹਾ, "ਲੰਬੇ ਸਮੇਂ ਤੋਂ ਮੈਨੂੰ ਇਹ ਵੀ ਨਹੀਂ ਪਤਾ ਸੀ ਕਿ ਕਿਹੜਾ ਤਿਉਹਾਰ ਕਿਸ ਧਰਮ ਨਾਲ ਸਬੰਧਿਤ ਹੈ।" ਆਤਿਸ਼ੀ ਨੇ ਸਮਾਜ ਵਿੱਚ ਵੰਡੀਆਂ ਪਾਉਣ ਵਾਲੀਆਂ ਪ੍ਰਵਿਰਤੀਆਂ ਦੇ ਵਿਚਕਾਰ ਏਕਤਾ ਨੂੰ ਉਤਸਾਹਿਤ ਕਰਨ ਦੇ ਮਹੱਤਵ ਉੱਤੇ ਜੋਰ ਦਿੱਤਾ। ਮੁੱਖ ਮੰਤਰੀ ਨੇ ਕਿਹਾ, 'ਦਿੱਲੀ ਦਾ ਸਭ ਤੋਂ ਵੱਡਾ ਆਕਰਸਣ ਉਸ ਦੇ ਦਿਲਦਾਰ ਲੋਕਾਂ ਵਿੱਚ ਹੈ, ਜੋ 'ਫੂਲ ਵਾਲਿਆਂ ਦੀ ਸੈਰ' ਵਰਗੇ ਤਿਉਹਾਰ ਮਨੁੱਖਤਾ ਦੇ ਜਸਨ ਵਜੋਂ ਮਨਾਉਂਦੇ ਹਨ। ਸਾਨੂੰ ਇਸ ਭਾਵਨਾ ਨੂੰ ਸੰਭਾਲਣਾ ਅਤੇ ਸੁਰੱਖਿਅਤ ਰੱਖਣਾ ਚਾਹੀਦਾ ਹੈ।' ਉਨ੍ਹਾਂ ਸਿਆਸਤਦਾਨਾਂ ਨੂੰ ਅਪੀਲ ਕੀਤੀ ਕਿ ਉਹ ਲੋਕਾਂ ਨੂੰ ਵੰਡਣ ਦੀ ਬਜਾਏ ਸਿੱਖਿਆ, ਸਿਹਤ ਸੇਵਾਵਾਂ ਅਤੇ ਰੁਜਗਾਰ ਦੇਣ 'ਤੇ ਧਿਆਨ ਦੇਣ। ਆਤਿਸੀ ਨੇ ਪਿਛਲੇ ਦਹਾਕੇ ਵਿੱਚ ਦਿੱਲੀ ਸਰਕਾਰ ਦੇ ਯਤਨਾਂ ਨੂੰ ਉਜਾਗਰ ਕੀਤਾ ਅਤੇ ਗਰੀਬ ਬੱਚਿਆਂ ਲਈ ਮਿਆਰੀ ਸਿੱਖਿਆ, ਬਿਹਤਰ ਸਿਹਤ ਸਹੂਲਤਾਂ ਅਤੇ ਔਰਤਾਂ ਲਈ ਮੁਫਤ ਬੱਸ ਯਾਤਰਾ ਵਰਗੀਆਂ ਪ੍ਰਾਪਤੀਆਂ ਨੂੰ ਉਜਾਗਰ ਕੀਤਾ। ਉਨ੍ਹਾਂ ਕਿਹਾ, "ਅਸੀਂ ਦਿੱਲੀ ਦੇ ਲੋਕਾਂ ਦੀ ਸੇਵਾ ਕਰਨ ਦੀ ਕੋਸ਼ਿਸ਼ ਕਰਦੇ ਹਾਂ ਅਤੇ ਉਨ੍ਹਾਂ ਦਾ ਪਿਆਰ ਅਤੇ ਆਸੀਰਵਾਦ ਸਾਡਾ ਸਭ ਤੋਂ ਵੱਡਾ ਇਨਾਮ ਹੈ।"

ਮੁਲਾਜਮਾਂ ਦੇ ਭੱਤਿਆਂ ਵਿਚ ਵਾਧਾ, ਨੋਟੀਫਿਕੇਸ਼ਨ ਜਾਰੀ

ਚੰਡੀਗੜ੍ਹ 27 ਅਕਤੂਬਰ। ਚੰਡੀਗੜ੍ਹ ਪ੍ਰਸਾਸਨ ਵੱਲੋਂ ਕੌਂਸਲ ਹਾਲ ਚੰਡੀਗੜ੍ਹ ਵਿਖੇ ਜਾਰੀ ਨੋਟੀਫਿਕੇਸਨ ਵਿਚ ਕਿਹਾ ਗਿਆ ਹੈ ਕਿ ਯੂ. ਟੀ. ਚੰਡੀਗੜ੍ਹ ਵਿਚ 6ਵੇਂ ਪੇਅ ਕਮਿਸਨ ਦੇ ਅਧੀਨ ਤਨਖਾਹ ਪ੍ਰਾਪਤ ਕਰ ਰਹੇ ਕਰਮਚਾਰੀਆਂ ਲਈ ਮਹਿੰਗਾਈ ਭੱਤਾ 50% ਤੋਂ ਵਧਾ ਕੇ 53% ਕੀਤਾ ਗਿਆ ਹੈ। ਸੂਤਰਾਂ ਮੁਤਾਬਕ ਇਹ ਵਾਧਾ 1 ਜੁਲਾਈ 2024 ਤੋਂ ਲਾਗੂ ਕੀਤਾ ਜਾਵੇਗਾ। ਪ੍ਰਸਾਸਨ ਨੇ ਇਸ ਨਵੇਂ ਹੁਕਮ ਦੀ ਜਾਣਕਾਰੀ ਸਾਰੇ ਵਿਭਾਗਾਂ ਅਤੇ ਪ੍ਰਬੰਧਕਾਂ ਨੂੰ ਦਿੱਤੀ ਹੈ। ਇਹ ਵਾਧਾ ਸਿਰਫ ਯੂ. ਟੀ. ਚੰਡੀਗੜ੍ਹ ਦੇ ਉਨ੍ਹਾਂ ਕਰਮਚਾਰੀਆਂ ਲਈ ਹੈ ਜੋ ਕਿ ਕੇਂਦਰੀ ਮਾਪਦੰਡਾਂ ਅਨੁਸਾਰ ਮਹਿੰਗਾਈ ਭੱਤਾ ਪ੍ਰਾਪਤ ਕਰ ਰਹੇ ਹਨ। ਮਹਿੰਗਾਈ ਭੱਤੇ ਵਿਚ ਇਹ ਵਾਧਾ ਕੇਂਦਰੀ ਪੈਟਰਨ ਦੇ ਤਹਿਤ ਹੋਵੇਗਾ। ਇਸ ਦੇ ਨਾਲ ਹੀ ਆਰਥਿਕ ਸਥਿਤੀ ਨੂੰ ਵਧੀਆ ਬਣਾਉਣ ਲਈ ਨਵੇਂ ਪੱਧਰ 'ਤੇ ਪਹਿਲਾਂ ਹੀ ਅਮਲ ਕੀਤਾ ਜਾ ਚੁੱਕਾ ਹੈ। ਮਹੱਤਵਪੂਰਨ ਪ੍ਰਸਾਸਨਿਕ ਅਧਿਕਾਰੀ ਅਤੇ ਜਿ?ਮੇਂਦਾਰ ਵਿਭਾਗਾਂ ਨੂੰ ਨਿਰਦੇਸ ਜਾਰੀ ਕਰਕੇ ਇਸ ਨੋਟੀਫਿਕੇਸਨ ਦੀ ਇਕ ਕਾਪੀ ਅਕਾਊਂਟੈਂਟ ਜਨਰਲ ਖਜਾਨਾ ਅਧਿਕਾਰੀ ਅਤੇ ਆਈ. ਟੀ. ਵਿਭਾਗ ਦੇ ਅਧਿਕਾਰੀਆਂ ਨੂੰ ਅਪਡੇਟ ਕਰਨ ਲਈ ਭੇਜੀ ਗਈ ਹੈ। ਇਸ ਦੇ ਨਾਲ ਹੀ, ਸਟੇਟ ਇਨਫਰਮੈਟਿਕਸ ਅਧਿਕਾਰੀ ਨੂੰ ਨਿਰਦੇਸ ਦਿੱਤੇ ਗਏ ਹਨ ਕਿ ਉਹ ਇਸ ਜਾਣਕਾਰੀ ਨੂੰ ਸੈਲਰੀ ਪੋਰਟਲ 'ਤੇ ਅਪਡੇਟ ਕਰਨ।

ਖੇਤੀਬਾੜੀ ਮੰਤਰੀ ਸ਼ਿਵਰਾਜ ਚੌਹਾਨ ਨੇ ਪ੍ਰਦੂਸ਼ਣ ਦੀ ਸਮੱਸਿਆ ਨਾਲ ਨਜਿੱਠਣ ਲਈ ਕੀਤੀ ਅਹਿਮ ਮੀਟਿੰਗ

ਏਜੰਸੀਆਂ

ਜੈਤੋ 27 ਅਕਤੂਬਰ। ਕੇਂਦਰੀ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਦਿੱਲੀ ਵਿਖੇ ਹਰ ਸਾਲ ਪ੍ਰਦੂਸਣ ਕਾਰਨ ਪੈਦਾ ਹੋਣ ਵਾਲੀ ਭਿਆਨਕ ਸਮੱਸਿਆ ਨਾਲ ਨਜਿੱਠਣ ਲਈ ਇਕ ਅਹਿਮ ਮੀਟਿੰਗ ਕੀਤੀ। ਕੇਂਦਰੀ ਜੰਗਲਾਤ ਵਾਤਾਵਰਣ ਅਤੇ ਜਲਵਾਯੂ ਪਰਿਵਰਤਨ ਮੰਤਰੀ ਭੂਪੇਂਦਰ ਯਾਦਵ, ਕੇਂਦਰੀ ਖੇਤੀਬਾੜੀ ਰਾਜ ਮੰਤਰੀ ਭਗੀਰਥ ਚੌਧਰੀ, ਉੱਤਰ ਪ੍ਰਦੇਸ, ਪੰਜਾਬ, ਹਰਿਆਣਾ ਅਤੇ ਦਿੱਲੀ ਦੇ ਖੇਤੀਬਾੜੀ ਮੰਤਰੀ, ਦਿੱਲੀ ਦੇ ਜੰਗਲਾਤ ਵਾਤਾਵਰਣ ਮੰਤਰੀ, ਰਾਜਾਂ ਦੇ ਮੁੱਖ ਸਕੱਤਰਾਂ ਅਤੇ ਖੇਤੀਬਾੜੀ ਸਕੱਤਰਾਂ ਸਮੇਤ ਪ੍ਰਮੁੱਖ ਅਧਿਕਾਰੀ ਇਸ ਵਰਚੁਅਲ ਮੀਟਿੰਗ ਵਿੱਚ ਸ਼ਾਮਲ ਹੋਏ। ਚੌਹਾਨ ਨੇ ਕਿਹਾ ਕਿ ਪਿਛਲੇ ਸਾਲ ਤੋਂ ਇਸ ਸਾਲ ਪੰਜਾਬ ਵਿੱਚ ਪਰਾਲੀ ਸਾੜਨ ਦੀਆਂ ਘਟਨਾਵਾਂ ਵਿੱਚ 35 ਫੀਸਦੀ ਕਮੀ ਆਈ ਹੈ। ਹਰਿਆਣਾ 'ਚ 21 ਫੀਸਦੀ ਦੀ ਕਮੀ ਆਈ ਹੈ। ਪਰਾਲੀ ਸਾੜਨ ਦੀਆਂ ਘਟਨਾਵਾਂ ਵਿੱਚ ਵੀ 2017 ਦੇ ਮੁਕਾਬਲੇ 51% ਤੋਂ ਵੱਧ ਕਮੀ ਆਈ ਹੈ, ਪਰ ਅਜੇ ਵੀ ਲਗਾਤਾਰ ਧਿਆਨ ਦੇਣ ਦੀ ਲੋੜ ਹੈ। ਰਾਜਾਂ ਨੇ ਕਿਹਾ ਕਿ ਉਹ ਲਗਾਤਾਰ ਨਿਗਰਾਨੀ ਕਰ ਰਹੇ ਹਨ, ਉਨ੍ਹਾਂ ਦੇ ਨੋਡਲ ਅਫਸਰ ਤੈਅ ਕੀਤੇ ਗਏ ਹਨ। ਅਸੀਂ ਸੁਪਰੀਮ ਕੋਰਟ ਦੀਆਂ ਹਦਾਇਤਾਂ ਦੀ ਪਾਲਣਾ ਕਰ ਰਹੇ ਹਾਂ ਅਤੇ ਸਰਕਾਰਾਂ ਵੀ ਲੋਕਾਂ ਨੂੰ ਜਾਗਰੂਕ ਕਰਨ ਲਈ ਹਰ ਸੰਭਵ ਯਤਨ ਕਰ ਰਹੀਆਂ ਹਨ। ਕੇਂਦਰੀ ਮੰਤਰੀ ਚੌਹਾਨ ਨੇ ਕਿਹਾ ਕਿ ਪਰਾਲੀ ਸਾੜਨ ਨਾਲ ਨੁਕਸਾਨ ਹੁੰਦਾ ਹੈ, ਅੱਗ ਲੱਗਣ ਨਾਲ ਗੰਨੇ ਦੇ ਪੱਤੇ ਜਾਂ ਹੋਰ ਵਸਤੂਆਂ ਵੀ ਸੜ ਜਾਂਦੀਆਂ ਹਨ, ਫਸਲ

ਤੋਂ ਇਲਾਵਾ ਅੱਗ ਲੱਗਣ ਕਾਰਨ ਧਰਤੀ ਮਾਂ ਦੀ ਸਿਹਤ ਵੀ ਖਰਾਬ ਹੁੰਦੀ ਹੈ, ਕੀੜੇ-ਮਕੌੜੇ ਵੀ ਮਾਰੇ ਜਾਂਦੇ ਹਨ, ਧਰਤੀ ਸਖਤ ਹੋ ਜਾਂਦੀ ਹੈ, ਉਪਜਾਊ ਸਕਤੀ ਘਟਦੀ ਹੈ। ਉਨ੍ਹਾਂ ਕਿਹਾ ਕਿ ਵੱਡੇ ਪੱਧਰ 'ਤੇ ਜਨ ਜਾਗਰੂਕਤਾ ਮੁਹਿਮ ਚਲਾਈ ਜਾ ਰਹੀ ਹੈ। ਅਸੀਂ ਇਹ ਪਤਾ ਲਗਾਉਣ ਦੀ ਕੋਸ਼ਿਸ਼ ਕਰਾਂਗੇ ਕਿ ਕੇਂਦਰ ਅਤੇ ਰਾਜ ਦੁਆਰਾ ਸਾਂਝੇ ਤੌਰ 'ਤੇ ਇਸ ਨੂੰ ਹੋਰ ਪ੍ਰਭਾਵਸਾਲੀ ਢੰਗ ਨਾਲ ਕਿਵੇਂ ਚਲਾਉਣਾ ਹੈ। ਪਿਛਲੇ ਸਾਲਾਂ ਵਿੱਚ ਕੇਂਦਰ ਸਰਕਾਰ ਨੇ 3 ਲੱਖ ਤੋਂ ਵੱਧ ਮਸੀਨਾਂ ਸਬਸਿਡੀ 'ਤੇ ਦਿੱਤੀਆਂ ਹਨ। ਜੋ ਕਿ ਪਰਾਲੀ ਨੂੰ ਸਾੜਨ ਦੀ ਬਜਾਏ ਪ੍ਰਬੰਧਨ ਦਾ ਕੰਮ ਕਰਦਾ ਹੈ। ਉਹ ਮਸੀਨਾਂ ਹੋਣਗੀਆਂ ਅਤੇ ਪ੍ਰਭਾਵਸਾਲੀ ਢੰਗ ਨਾਲ ਵਰਤੀਆਂ ਜਾ ਰਹੀਆਂ ਹਨ। ਕਈ ਵਾਰ ਛੋਟੇ ਕਿਸਾਨਾਂ ਕੋਲ ਇਨ੍ਹਾਂ ਮਸੀਨਾਂ ਦੀ ਪਹੁੰਚ ਨਹੀਂ ਹੁੰਦੀ, ਜਿਨ੍ਹਾਂ ਕੋਲ ਛੋਟੇ ਖੇਤ ਹਨ, ਉਹ ਕਸਟਮ ਹਾਇਰਿੰਗ ਸੈਂਟਰਾਂ ਤੋਂ ਮਸੀਨਾਂ ਪ੍ਰਾਪਤ ਕਰਦੇ ਹਨ, ਉਹ ਪਰਾਲੀ ਦਾ ਪ੍ਰਬੰਧਨ ਕਿਵੇਂ ਕਰ ਸਕਦੇ ਹਨ, ਜਿਵੇਂ ਕਿ ਜੇਕਰ ਉਹ ਪਰਾਲੀ ਨੂੰ ਖੇਤ ਵਿੱਚ ਦੱਬ ਦਿੰਦੇ ਹਨ, ਤਾਂ ਇਹ ਖਾਦ ਬਣ ਜਾਂਦੀ ਹੈ, ਇਹ ਇਸ ਕਰਕੇ ਇਹ ਇੱਕ ਵਰਦਾਨ ਬਣ ਜਾਂਦੀ ਹੈ। ਇਸ ਮੌਕੇ ਕਈ ਵਿਸ਼ਿਆਂ 'ਤੇ ਵੀ ਚਰਚਾ ਹੋਈ ਜਿਵੇਂ ਕਿ ਛੋਟੇ ਕਿਸਾਨਾਂ ਦੀ ਪਹੁੰਚ ਕਿਵੇਂ ਵਧਾਈ ਜਾਵੇ ਆਦਿ।

ਕਸਟਮ ਅਧਿਕਾਰੀਆਂ ਦੀ ਵੱਡੀ ਕਾਰਵਾਈ, ਪ੍ਰਾਈਵੇਟ ਪਾਰਟ 'ਚੋਂ ਕੱਢਿਆ ਇਕ ਕਿਲੋ ਸੋਨਾ

ਨਵਦੀਪ ਸਿੰਘ ਸਾਹਨੀ

ਨੈਸਨਲ ਡੈਸਕ 27 ਅਕਤੂਬਰ। ਜੈਪੁਰ ਏਅਰਪੋਰਟ 'ਤੇ ਸੋਨੇ ਦੀ ਤਸਕਰੀ ਦਾ ਇਕ ਹੈਰਾਨ ਕਰਨ ਵਾਲਾ ਮਾਮਲਾ ਸਾਹਮਣੇ ਆਇਆ ਹੈ। ਜਿੱਥੇ ਇੱਕ ਵਿਅਕਤੀ

ਅਗਵਾ ਕਰ 3 ਕਰੋੜ ਦੀ ਫਿਰੌਤੀ ਮੰਗਣ ਵਾਲੇ ਚੜ੍ਹੇ ਪੁਲਸ ਅੜਿੱਕੇ

ਕਪੂਰਥਲਾ 27 ਅਕਤੂਬਰ। 3 ਕਰੋੜ ਰੁਪਏ ਦੀ ਫਿਰੌਤੀ ਖਾਤਰ ਇਕ ਬਜੁਰਗ ਨੂੰ ਪਿਸਤੌਲ ਦੀ ਨੋਕ 'ਤੇ ਅਗਵਾ ਕਰਨ ਦੇ ਮਾਮਲੇ 'ਚ ਕਪੂਰਥਲਾ ਪੁਲਸ ਨੇ ਕੁੱਲ 8 ਮੁਲਜਮਾਂ ਨੂੰ ਗ੍ਰਿਫਤਾਰ ਕੀਤਾ ਹੈ। ਪੁਲਸ ਨੇ ਜਿੱਥੇ ਅਗਵਾ ਕੀਤੇ ਗਏ ਵਿਅਕਤੀ ਨੂੰ ਛੁਡਵਾਉਣ 'ਚ ਕਾਮਯਾਬੀ ਹਾਸਲ ਕੀਤੀ ਹੈ, ਉੱਥੇ ਹੀ ਇਸ ਮਾਮਲੇ 'ਚ ਗ੍ਰਿਫਤਾਰ ਮੁਲਜਮਾਂ ਤੋਂ 2 ਪਿਸਤੌਲਾਂ, 1 ਬੰਦੂਕ ਤੇ 950 ਗ੍ਰਾਮ ਹੈਰੋਇਨ ਬਰਾਮਦ ਕੀਤੀ ਹੈ। ਮਾਮਲੇ 'ਚ ਨਾਮਜਦ ਹੋਰ ਮੁਲਜਮਾਂ ਦੀ ਤਲਾਸ਼ 'ਚ ਛਾਪਾਮਾਰੀ ਜਾਰੀ ਹੈ। ਇਸ ਸਬੰਧੀ ਪੱਤਰਕਾਰਾਂ ਸੰਮੇਲਨ ਨੂੰ ਸੰਬੋਧਨ ਕਰਦੇ ਹੋਏ ਐੱਸ.ਐੱਸ.ਪੀ ਕਪੂਰਥਲਾ ਨਵਨੀਤ ਸਿੰਘ ਬੈਂਸ ਨੇ ਦੱਸਿਆ ਕਿ 3 ਜਨਵਰੀ 2023 ਨੂੰ ਪਿੰਡ ਗਾਜੀ ਗੁਡਾਨਾ ਦੇ ਇਕ ਬਜੁਰਗ ਵਿਅਕਤੀ ਲਖਵਿੰਦਰ ਸਿੰਘ ਨੂੰ ਕਾਲੇ ਰੰਗ ਦੀ ਟਾਟਾ ਸਫਾਰੀ 'ਚ ਆਏ ਕੁਝ ਵਿਅਕਤੀਆਂ ਨੇ ਫਾਇਰਿੰਗ ਕਰਦੇ ਹੋਏ ਅਗਵਾ ਕਰ ਲਿਆ ਸੀ। ਪੀੜਤ ਵਿਅਕਤੀ ਦੇ ਲੜਕੇ ਅਮਰੀਕਾ 'ਚ ਰਹਿੰਦੇ ਹਨ, ਜਿਨ੍ਹਾਂ ਕੋਲੋਂ ਉਕਤ ਮੁਲਜਮਾਂ ਨੇ 3 ਕਰੋੜ ਰੁਪਏ ਦੀ ਫਿਰੌਤੀ ਦੀ ਮੰਗ ਕੀਤੀ ਸੀ। ਜਦੋਂ ਇਸ ਪੂਰੇ ਮਾਮਲੇ ਦੀ ਜਾਣਕਾਰੀ ਕਪੂਰਥਲਾ ਪੁਲਸ ਨੂੰ ਮਿਲੀ ਤਾਂ ਐੱਸ.ਪੀ. (ਡੀ) ਹਰਵਿੰਦਰ ਸਿੰਘ ਦੀ ਨਿਗਰਾਨੀ 'ਚ ਇਕ ਵਿਸ਼ੇਸ਼ ਟੀਮ ਜਿਸ 'ਚ ਡੀ.ਐੱਸ.ਪੀ ਭੁਲੱਥ ਸੁਖਨਿੰਦਰ ਸਿੰਘ, ਡੀ.ਐੱਸ.ਪੀ (ਡੀ) ਬਰਜਿੰਦਰ ਸਿੰਘ, ਸੀ.ਆਈ.ਏ ਸਟਾਫ ਕਪੂਰਥਲਾ ਦੇ ਇੰਚਾਰਜ ਇੰਸਪੈਕਟਰ ਜਰਨੈਲ ਸਿੰਘ ਤੇ ਥਾਣਾ ਢਿੱਲਵਾਂ ਦੇ ਐੱਸ.ਐੱਚ.ਓ ਹਰਜਿੰਦਰ ਸਿੰਘ ਨੂੰ ਸ਼ਾਮਲ ਕਰਕੇ ਪੀੜਤ ਵਿਅਕਤੀ ਨੂੰ ਤਤਕਾਲ ਛੁਡਵਾਉਣ ਦੇ ਹੁਕਮ ਦਿੱਤੇ ਗਏ, ਜਿਸਦੇ ਉਪਰੰਤ ਪੁਲਸ ਟੀਮ ਨੇ ਲਗਾਤਾਰ ਦਬਾਅ ਬਣਾਉਂਦੇ ਹੋਏ 6 ਜਨਵਰੀ 2023 ਨੂੰ ਅਗਵਾ ਕੀਤੇ ਗਏ ਵਿਅਕਤੀ ਲਖਵਿੰਦਰ ਸਿੰਘ ਨੂੰ ਛੁਡਵਾਉਣ 'ਚ ਕਾਮਯਾਬੀ ਹਾਸਲ ਕੀਤੀ। ਪੁਲਸ ਨੇ ਇਸ ਵਾਰਦਾਤ ਨੂੰ ਅੰਜਾਮ ਦੇਣ ਵਾਲੇ ਮੁਲਜਮਾਂ ਦੀ ਤਲਾਸ਼ 'ਚ ਲਗਾਤਾਰ ਛਾਪਾਮਾਰੀ ਦਾ ਦੌਰ ਜਾਰੀ ਰੱਖਿਆ, ਜਿਸ ਦੌਰਾਨ ਖੁਲਾਸਾ ਹੋਇਆ ਕਿ ਇਸ ਵਾਰਦਾਤ ਨੂੰ ਮੁਲਜਮ ਗੁਰਇਕਬਾਲ ਸਿੰਘ ਉਰਫ ਵਰ ਨੇ ਆਪਣੇ ਸਾਥੀਆਂ ਦੇ ਨਾਲ ਅੰਜਾਮ ਦਿੱਤਾ ਸੀ। ਮੁਲਜਮ ਦੇ ਭਤੀਜੇ ਪਵਨ ਵੀਰ ਸਿੰਘ ਪੁੱਤਰ ਪਰਮਜੀਤ ਸਿੰਘ ਵਾਸੀ ਗਾਜੀ ਗੁਡਾਣਾ ਥਾਣਾ ਢਿੱਲਵਾਂ ਨੇ ਪੀੜਤ ਲਖਵਿੰਦਰ ਸਿੰਘ ਨੂੰ ਅਗਵਾ ਕਰਨ ਲਈ ਉਸਦੀ ਲਗਾਤਾਰ ਰੇਕੀ ਕੀਤੀ ਸੀ ਤੇ ਆਪਣੇ ਚਾਚਾ ਗੁਰਇਕਬਾਲ ਸਿੰਘ ਉਰਫ ਵਰ ਤੇ ਉਸਦੇ ਸਾਥੀਆਂ ਦੀ ਮਦਦ ਕੀਤੀ ਸੀ। ਜਿਸਦੇ ਆਧਾਰ 'ਤੇ ਮੁਲਜਮ ਪਵਨ ਵੀਰ ਸਿੰਘ ਨੂੰ 11 ਜਨਵਰੀ 2023 ਨੂੰ ਗ੍ਰਿਫਤਾਰ ਕਰ ਲਿਆ, ਜਿਸਦੇ ਖੁਲਾਸੇ ਤੋਂ ਬਾਅਦ ਮੁਲਜਮਾਂ ਵਿਜੈ ਕੁਮਾਰ ਪੁੱਤਰ ਰਣਜੀਤ ਸਿੰਘ ਵਾਸੀ ਪਿੰਡ ਫੱਤੂ ਚੱਕ ਥਾਣਾ ਢਿੱਲਵਾਂ ਜ਼ਿਲ੍ਹਾ ਕਪੂਰਥਲਾ, ਜੱਸ ਵਾਸੀ ਕਪੂਰਥਲਾ, ਜੀਤਾ ਵਾਸੀ ਪੱਡਾ ਬੇਟ, ਹਰਮਨ ਵਾਸੀ ਬਾਮੂਵਾਲ, ਗੁਰਮੁੱਖ ਵਾਸੀ ਲੱਖਣ ਕੇ ਪੱਡਾ ਸਮੇਤ 2 ਹੋਰ ਅਣਪਛਾਤੇ ਮੁਲਜਮਾਂ ਨੂੰ ਮਾਮਲੇ 'ਚ ਨਾਮਜਦ ਕੀਤਾ ਗਿਆ। ਛਾਪੇਮਾਰੀ ਦੌਰਾਨ ਮੁਲਜਮ ਗੁਰਮੁਖ ਸਿੰਘ ਉਰਫ ਗੋਰਾ ਪੁੱਤਰ ਅਵਤਾਰ ਸਿੰਘ ਵਾਸੀ ਲੱਖਣ ਕੇ ਪੱਡਾ ਥਾਣਾ ਸੁਭਾਨਪੁਰ ਨੂੰ ਗ੍ਰਿਫਤਾਰ ਕਰ ਲਿਆ ਗਿਆ। ਉਸ ਪਾਸੋਂ ਅਗਵਾ ਕਰਨ ਦੌਰਾਨ ਵਰਤੀ ਗਈ ਕਾਲੇ ਰੰਗ ਦੀ ਟਾਟਾ ਸਫਾਰੀ ਗੱਡੀ ਨੰਬਰ ਪੀ.ਬੀ-46-ਐਲ-0097 ਬਰਾਮਦ ਕੀਤੀ ਗਈ। ਉਕਤ

ਮੁਲਜਮ ਦੇ ਖੁਲਾਸੇ ਤੋਂ ਬਾਅਦ ਉਸਦੇ ਮਾਮਾ ਕਰਨਜੀਤ ਸਿੰਘ ਪੁੱਤਰ ਬੱਗਾ ਸਿੰਘ ਵਾਸੀ ਖੈੜਾ ਦੋਨਾ ਥਾਣਾ ਸੁਲਤਾਨਪੁਰ ਲੋਧੀ ਜ਼ਿਲ੍ਹਾ ਕਪੂਰਥਲਾ ਤੇ ਇਸਦੇ ਦੋਸਤ ਅਮਰੀਕ ਸਿੰਘ ਉਰਫ ਕਾਡਾ ਪੁੱਤਰ ਗੁਲਜਾਰ ਸਿੰਘ ਵਾਸੀ ਖੈੜਾ ਦੋਨਾ ਥਾਣਾ ਸੁਲਤਾਨਪੁਰ ਲੋਧੀ ਜ਼ਿਲ੍ਹਾ ਕਪੂਰਥਲਾ ਨੂੰ ਨਾਮਜਦ ਕੀਤਾ ਗਿਆ, ਇਨ੍ਹਾਂ ਮੁਲਜਮਾਂ ਨੇ ਲਖਵਿੰਦਰ ਸਿੰਘ ਨੂੰ ਅਗਵਾ ਕਰਨ ਤੋਂ ਬਾਅਦ ਆਪਣੇ ਮਕਾਨਾਂ 'ਚ ਰੱਖਿਆ ਸੀ। 15 ਜਨਵਰੀ 2023 ਨੂੰ ਗੁਰਮੁਖ ਸਿੰਘ ਤੇ 16 ਜਨਵਰੀ 2023 ਨੂੰ ਅਮਰੀਕ ਸਿੰਘ ਨੂੰ ਗ੍ਰਿਫਤਾਰ ਕੀਤਾ ਗਿਆ। ਇਸ ਤੋਂ ਬਾਅਦ 22 ਜਨਵਰੀ 2023 ਨੂੰ ਵਿਜੈ ਕੁਮਾਰ ਪੁੱਤਰ ਰਣਜੀਤ ਸਿੰਘ ਵਾਸੀ ਪਿੰਡ ਫੱਤੂ ਚੱਕ ਥਾਣਾ ਢਿੱਲਵਾਂ ਨੂੰ ਗ੍ਰਿਫਤਾਰ ਕੀਤਾ ਗਿਆ। ਜਿਸ ਤੋਂ 3 ਮੋਬਾਇਲ ਤੇ ਇਕ ਬਿਨਾਂ ਨੰਬਰੀ ਮੋਟਰਸਾਇਕਲ ਬਰਾਮਦ ਕੀਤਾ ਗਿਆ। ਉੱਥੇ ਹੀ ਮਿਤੀ 2 ਫਰਵਰੀ 2023 ਨੂੰ ਇਸ ਪੂਰੀ ਵਾਰਦਾਤ ਨੂੰ ਅੰਜਾਮ ਦੇਣ ਵਾਲੇ ਮੁੱਖ ਮੁਲਜਮ ਗੁਰਇਕਬਾਲ ਸਿੰਘ ਉਰਫ ਵਰ ਪੁੱਤਰ ਨਿਰਮਲ ਸਿੰਘ ਵਾਸੀ ਪਿੰਡ ਗਾਜੀ ਗੁਡਾਨਾ ਥਾਣਾ ਢਿੱਲਵਾਂ ਨੂੰ ਉਸਦੇ ਸਾਥੀ ਹਰਮਨਜੀਤ ਸਿੰਘ ਉਰਫ ਹਰਮਨ ਪੁੱਤਰ ਸਤਵੀਰ ਸਿੰਘ ਵਾਸੀ ਪਿੰਡ ਬਾਮੂਵਾਲ ਥਾਣਾ ਸੁਭਾਨਪੁਰ ਦੇ ਨਾਲ ਗ੍ਰਿਫਤਾਰ ਕਰ ਲਿਆ ਗਿਆ। ਉਕਤ ਮੁਲਜਮਾਂ ਪਾਸੋਂ ਇਕ 32 ਬੋਰ ਦੀ ਰਿਵਾਲਵਰ, 6 ਰੌਂਦ ਜਿੰਦਾ, 1 ਦੇਸੀ ਪਿਸਤੌਲ ਤੇ 4 ਰੌਂਦ ਜਿੰਦਾ ਤੇ 1 ਗਨ 12 ਬੋਰ ਸਮੇਤ 10 ਰੌਂਦ ਜਿੰਦਾ, 950 ਗ੍ਰਾਮ ਹੈਰੋਇਨ ਤੇ 1 ਮੋਟਰਸਾਇਕਲ ਨੰਬਰ ਪੀ.ਬੀ-09-ਕੇ-4799 ਬਰਾਮਦ ਕੀਤੇ ਗਏ। ਗੁਰਇਕਬਾਲ ਸਿੰਘ ਉਰਫ ਵਰ ਨੇ ਪੁੱਛਗਿੱਛ ਦੌਰਾਨ ਦੱਸਿਆ ਕਿ ਉਹ ਪੀੜਤ ਲਖਵਿੰਦਰ ਸਿੰਘ ਦਾ ਮੋਬਾਇਲ ਦਾ ਵ੍ਹਟਸਐਪ ਨੰਬਰ ਨੂੰ ਅਮਰੀਕਾ 'ਚ ਰਹਿੰਦੇ ਆਪਣੇ ਦੋਸਤ ਲਵਜੀਤ ਸਿੰਘ ਉਰਫ ਕੰਗ ਜੋ ਕਿ ਸ਼ਾਹਕੋਟ ਜ਼ਿਲ੍ਹਾ ਜਲੰਧਰ ਨਾਲ ਸਬੰਧਤ ਹੈ ਨੂੰ ਭੇਜ ਦਿੱਤਾ ਸੀ। ਜੋ ਉਸਨੇ ਮੇਰੇ ਇਕ ਹੋਰ ਦੋਸਤ ਅੰਮ੍ਰਿਤ ਬੱਲ ਵਾਸੀ ਮਾਡਲ ਟਾਊਨ ਭੁਲੱਥ ਨਾਲ ਮਿਲ ਕੇ ਪੀੜਤ ਦੇ ਲੜਕੇ ਸੁੱਖ ਨਾਲ ਅਮਰੀਕਾ 'ਚ ਫੋਨ 'ਤੇ ਚੈਟ ਕਰਦੇ ਸਨ। ਉਕਤ ਮੁਲਜਮਾਂ ਨੂੰ ਵੀ ਮੁਕਦਮੇ 'ਚ ਨਾਮਜਦ ਕਰ ਲਿਆ ਗਿਆ ਹੈ। ਪੁੱਛਗਿੱਛ ਦੌਰਾਨ ਖੁਲਾਸਾ ਹੋਇਆ ਕਿ ਇਸ ਮਾਮਲੇ ਦੇ ਮੁੱਖ ਮੁਲਜਮ ਗੁਰਇਕਬਾਲ ਸਿੰਘ ਖਿਲਾਫ ਦਾਜ, ਕਤਲ, ਲੁੱਟਾਂ ਖੋਹਾਂ, ਡਰੱਗ ਸਮਗਲਿੰਗ ਸਮੇਤ 9 ਮੁਕੱਦਮੇ ਦਰਜ ਹਨ ਉੱਥੇ ਹੀ ਮੁਲਜਮ ਵਿਜੈ ਕੁਮਾਰ ਖਿਲਾਫ ਲੁੱਟ ਖੋਹ, ਅਸਲਾ ਐਕਟ, ਡਰੱਗ ਬਰਾਮਦਗੀ, ਕਤਲ ਦੀ ਕੋਸ਼ਿਸ਼ ਸਮੇਤ 13 ਗੰਭੀਰ ਮਾਮਲੇ ਦਰਜ ਹਨ। ਪੁੱਛਗਿੱਛ ਦੌਰਾਨ ਇਹ ਵੀ ਖੁਲਾਸਾ ਹੋਇਆ ਕਿ ਮੁੱਖ ਮੁਲਜਮ ਗੁਰਇਕਬਾਲ ਸਿੰਘ ਉਰਫ ਵਰ ਨੇ ਆਪਣੇ 2 ਸਾਥੀਆਂ ਹਰਮਨ ਬਾਮੂਵਾਲ ਤੇ ਖੰਡੇ ਨਾਲ ਮਿਲ ਕੇ 26 ਜਨਵਰੀ 2023 ਨੂੰ ਇਕ ਐੱਨ.ਆਰ.ਆਈ ਪਰਿਵਾਰ ਵਾਸੀ ਵਾਰਡ ਨੰਬਰ 13 ਬੇਗੋਵਾਲ ਜ਼ਿਲ੍ਹਾ ਕਪੂਰਥਲਾ ਨੂੰ ਫੋਨ ਕਰਕੇ 10 ਲੱਖ ਰੁਪਏ ਦੀ ਫਿਰੌਤੀ ਮੰਗੀ ਸੀ। ਜਿਨ੍ਹਾਂ ਵੱਲੋਂ ਫਿਰੌਤੀ ਨਾ ਦੇਣ 'ਤੇ ਫਿਰ ਦੁਬਾਰਾ 50 ਲੱਖ ਰੁਪਏ ਦੀ ਮੰਗ ਕੀਤੀ ਗਈ ਤੇ 50 ਲੱਖ ਰੁਪਏ ਨਾ ਦੇਣ 'ਤੇ ਸਾਰੇ ਪਰਿਵਾਰ ਨੂੰ ਗੋਲੀਆਂ ਨਾਲ ਮਾਰਨ ਦੀਆਂ ਧਮਕੀਆਂ ਦਿੱਤੀਆਂ ਗਈਆਂ, ਜਿਸ ਨੂੰ ਲੈ ਕੇ 27 ਜਨਵਰੀ 2023 ਨੂੰ ਉਕਤ ਮੁਲਜਮਾਂ ਖਿਲਾਫ ਥਾਣਾ ਬੇਗੋਵਾਲ 'ਚ ਮਾਮਲਾ ਦਰਜ ਕਰ ਲਿਆ ਗਿਆ। ਉੱਥੇ ਹੀ ਕਪੂਰਥਲਾ ਪੁਲਸ ਨੇ ਜਰਮਨਜੀਤ ਸਿੰਘ ਉਰਫ ਚੌਧਰੀ ਪੁੱਤਰ ਜਗਦੀਸ਼ ਸਿੰਘ ਵਾਸੀ ਪਿੰਡ ਨੂਰਪੁਰ ਲੁਬਾਣਾ, ਥਾਣਾ ਢਿਲਵਾਂ ਨੂੰ ਗ੍ਰਿਫਤਾਰ ਕਰਕੇ ਉਸ ਪਾਸੋਂ 7.65 ਦੀ ਇਕ ਪਿਸਤੌਲ ਤੇ 2 ਜਿੰਦਾ ਰੌਂਦ ਦੇ ਨਾਲ ਇਕ ਬੁਲੇਟ ਪਰੂਫ ਜੈਕਟ ਬਰਾਮਦ ਕੀਤੀ। ਉਕਤ ਮੁਲਜਮ ਖਿਲਾਫ ਥਾਣਾ ਸਿਟੀ ਕਪੂਰਥਲਾ 'ਚ ਮਾਮਲਾ ਦਰਜ ਕਰ ਲਿਆ ਗਿਆ। ਐੱਸ.ਐੱਸ.ਪੀ ਨੇ ਦੱਸਿਆ ਕਿ ਸਾਰੇ ਅੱਠਾਂ ਮੁਲਜਮਾਂ ਕੋਲੋਂ ਪੁੱਛਗਿੱਛ ਦਾ ਦੌਰ ਜਾਰੀ ਹੈ।

ਮੁਕੇਰੀਆਂ 'ਚ ਖੁੰਭਾਂ ਵਾਂਗ ਵਧ ਰਹੀਆਂ ਹਨ ਨਾਜਾਇਜ ਕਾਲੋਨੀਆਂ

ਮੁਕੇਰੀਆਂ 27 ਅਕਤੂਬਰ। ਮੁਕੇਰੀਆਂ ਅਤੇ ਆਸ-ਪਾਸ ਦੇ ਦਰਜਨਾਂ ਪਿੰਡਾਂ 'ਚ ਖੁੰਭਾਂ ਵਾਂਗ ਵੱਧ ਰਹੀਆਂ ਨਾਜਾਇਜ ਕਾਲੋਨੀਆਂ 'ਚੋਂ ਕਾਲੋਨਾਈਜਰ ਵੱਖ-ਵੱਖ ਤਰ੍ਹਾਂ ਦੇ ਸਬਜਬਾਗ ਵਿਖਾ ਕੇ ਜਿੱਥੇ ਚਾਂਦੀ ਕੁੱਟ ਰਹੇ ਹਨ, ਉੱਥੇ ਹੀ ਪ੍ਰਾਪਰਟੀ ਡੀਲਰ ਅਤੇ ਕਾਲੋਨਾਈਜਰ ਪ੍ਰਸ਼ਾਸਨਿਕ ਅਧਿਕਾਰੀਆਂ ਦੀ ਕਥਿਤ ਮਿਲੀਭੁਗਤ ਨਾਲ ਭੋਲੇ-ਭਾਲੇ ਲੋਕਾਂ ਦੀਆਂ ਅੱਖਾਂ ਵਿਚ ਧੂੜ ਪਾ ਕੇ ਉਨ੍ਹਾਂ ਦਾ ਆਰਥਿਕ ਸੋਸਣ ਕਰ ਰਹੇ ਹਨ, ਜਿਸ ਕਾਰਨ ਲੋਕ ਮਾਨਸਿਕ ਪ੍ਰੇਸ਼ਾਨੀਆਂ ਝੱਲਣ ਲਈ ਮਜਬੂਰ ਹੋ ਰਹੇ ਹਨ। ਉੱਥੇ ਹੀ ਸਬੰਧਤ ਵਿਭਾਗ ਮੌਨ ਬੈਠਾ ਹੈ। ਇਥੇ ਜ਼ਿਕਰਯੋਗ ਹੈ ਕਿ ਮੁਕੇਰੀਆਂ ਦੇ ਪਿੰਡ ਫੱਤੂਵਾਲ ਰੋਡ, ਪਿੰਡ ਭੱਟੀਆਂ ਤੋਂ ਪੁਰੀਕਾ ਰੋਡ, ਪਿੰਡ ਬੱਧੂਪੁਰ, ਪਿੰਡ ਅਟੱਲਗੜ੍ਹ ਰੋਡ, ਪਿੰਡ ਮੁਸਾਹਿਬਪੁਰ ਨੇੜੇ, ਪਿੰਡ ਹਰਸਾ ਕਲੋਤਾ ਰੋਡ, ਪਿੰਡ ਬੁੱਢੇਵਾਲ, ਪਿੰਡ ਭੱਟੀਆਂ ਰਾਜਪੂਤਾਂ ਨੇੜੇ, ਤੰਗਰਾਲੀਆਂ ਰੋਡ, ਪਿੰਡ ਪਵਾਰਾਂ ਨੇੜੇ ਤੋਂ ਇਲਾਵਾ ਪਿੰਡ ਪੰਡੋਰਾ, ਤਲਵਾੜਾ ਰੋਡ 'ਤੇ ਮੁਕੇਰੀਆਂ ਵਿਚ ਸਾਹ ਕੈਨਾਲ ਕਾਲੋਨੀ ਦੇ ਪਿੱਛੇ, ਪਿੰਡ ਜਾਹਿਦਪੁਰ ਨੇੜੇ, ਪਿੰਡ ਗਾਲਜ਼ੀਆਂ, ਨਵੀਂ ਬਣੀ ਜੁਡੀਸੀਅਲ ਕੋਰਟ ਦੇ ਸਾਹਮਣੇ, ਚਰਖਾ ਕਾਲੋਨੀ ਦੇ ਸਾਹਮਣੇ, ਕਿਲਾ ਰੋਡ, ਖਾਲਸਾ ਸਕੂਲ ਦੇ ਪਿੱਛੇ ਬਿਜਲੀ ਘਰ ਦੇ ਸਾਹਮਣੇ ਆਦਿ ਦਰਜਨਾਂ ਪਿੰਡਾਂ ਤੇ

ਮੁਹੱਲਿਆਂ ਵਿਚ ਨਾਜਾਇਜ ਕਾਲੋਨੀਆਂ ਕੱਟੀਆਂ ਗਈਆਂ। ਇਥੇ ਜ਼ਿਕਰਯੋਗ ਹੈ ਕਿ ਮੁਕੇਰੀਆਂ ਸਹਿਰ ਅਤੇ ਆਸ-ਪਾਸ ਦੇ ਪਿੰਡਾਂ ਵਿਚ ਦਰਜਨਾਂ ਵੱਡੀਆਂ ਕਾਲੋਨੀਆਂ ਹੋਣ ਦੇ ਬਾਵਜੂਦ ਜ਼ਿਲ੍ਹਾ ਟਾਊਨ ਪਲੈਨਰ ਦਫਤਰ ਹੁਸ਼ਿਆਰਪੁਰ ਦੇ ਕਿਸੇ ਵੀ ਅਧਿਕਾਰੀ ਦੀ ਇਨ੍ਹਾਂ 'ਤੇ ਵਰ੍ਹਿਆਂ ਤੋਂ ਨਜਰ ਨਹੀਂ ਪੈ ਰਹੀ, ਜਿਸ ਕਾਰਨ ਮੁਕੇਰੀਆਂ ਹਲਕੇ 'ਚ ਇਸ ਵਿਭਾਗ ਦੀ ਕਥਿਤ ਮਿਲੀਭੁਗਤ ਦੀ ਚਰਚਾ ਜੋਰਾਂ 'ਤੇ ਹੈ। ਜਦੋਂਕਿ ਪਿਛਲੇ 4 ਦਿਨ ਪਹਿਲਾਂ ਜ਼ਿਲ੍ਹਾ ਟਾਊਨ ਪਲਾਨਰ ਦਫਤਰ ਵੱਲੋਂ ਮੁਕੇਰੀਆਂ ਦੇ ਪਿੰਡ ਖਿਚੀਆਂ ਵਿਚ ਸਿਰਫ 10 ਪਲਾਟਾਂ ਵਾਲੀ ਕਾਲੋਨੀ 'ਤੇ ਜੇ. ਸੀ. ਬੀ. ਚਲਾ ਕੇ ਖਾਨਾ ਪੂਰਤੀ ਕੀਤੀ ਗਈ। ਕਾਲੋਨਾਈਜਰਾਂ ਅਤੇ ਪ੍ਰਾਪਰਟੀ ਡੀਲਰਾਂ ਦੇ ਜਾਲ ਦਾ ਸ਼ਿਕਾਰ ਹੋਏ ਪਲਾਟ ਹੋਲਡਰ ਪੀੜਤਾਂ ਨੇ ਦੱਸਿਆ ਕਿ ਉਨ੍ਹਾਂ ਤੋਂ ਪਲਾਟਾਂ ਦੇ ਬਿਆਨੇ 'ਤੇ ਹੀ ਅੱਧੀ ਰਕਮ ਵਸੂਲ ਕੀਤੀ ਜਾ ਚੁੱਕੀ ਹੈ ਅਤੇ ਹੁਣ ਰਜਿਸਟਰੀ ਨਾ ਹੋਣ ਕਾਰਨ ਕਾਲੋਨਾਈਜਰ ਵਿਦੇਸਾਂ ਵਿਚ ਬੈਠ ਕੇ ਬਹਾਨੇ ਬਣਾ ਰਹੇ ਹਨ। ਉਨ੍ਹਾਂ ਗੈਰ-ਕਾਨੂੰਨੀ ਕਾਰੋਬਾਰ ਕਰਨ ਵਾਲੇ ਅਜਿਹੇ ਕਾਲੋਨਾਈਜਰਾਂ ਦੀਆਂ ਜਾਇਦਾਦਾਂ ਨੂੰ ਜਬਤ ਕਰਨ ਦੀ ਮੰਗ ਕੀਤੀ ਅਤੇ ਬਿਨਾਂ ਲਾਇਸੈਂਸ ਤੋਂ ਪ੍ਰਾਪਰਟੀ ਡੀਲਰ ਬਣ ਕੇ ਲੱਖਾਂ ਦੀ ਕਮਾਈ ਕਰਨ ਵਾਲੇ ਏਜੰਟਾਂ ਵਿਰੁੱਧ ਸਖਤ ਕਾਰਵਾਈ ਕਰਨ ਦੀ ਵੀ ਮੰਗ ਕੀਤੀ। ਲੋਕਾਂ ਨੇ ਕਿਹਾ ਕਿ ਪ੍ਰਸ਼ਾਸਨਿਕ ਅਧਿਕਾਰੀਆਂ ਦੀ ਕਥਿਤ ਮਿਲੀਭੁਗਤ ਨਾਲ ਕਲੋਨਾਈਜਰ ਮਹਿੰਗੇ ਭਾਅ ਜਮੀਨ ਖਰੀਦ ਕੇ ਕਰੋੜਾਂ ਵਿਚ ਵੇਚ ਰਹੇ ਹਨ। ਇਸ ਸਬੰਧੀ ਜਦੋਂ ਵਧੀਕ ਡਿਪਟੀ ਕਮਿਸਨਰ ਜਨਰਲ ਹੁਸ਼ਿਆਰਪੁਰ ਰਾਹੁਲ ਚਾਬਾ ਨਾਲ ਗੱਲ ਕੀਤੀ ਗਈ ਤਾਂ ਉਨ੍ਹਾਂ ਦੱਸਿਆ ਕਿ ਵਿਭਾਗ ਵੱਲੋਂ ਸਾਰੀਆਂ ਨਾਜਾਇਜ ਕਲੋਨੀਆਂ ਦੀ ਸੂਚੀ ਤਿਆਰ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਸੂਚਨਾ ਮਿਲਣ ਤੋਂ ਬਾਅਦ ਜ਼ਿਲ੍ਹੇ ਵਿਚ ਜੋ ਵੀ ਨਾਜਾਇਜ ਕਾਲੋਨੀ ਪਾਈ ਗਈ, ਉਸ ਉੱਪਰ ਕਾਰਵਾਈ ਜਰੂਰ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਨਾਜਾਇਜ ਕਾਲੋਨੀਆਂ ਸਬੰਧੀ ਤਹਿਸੀਲਦਾਰ ਅਤੇ ਨਾਇਬ ਤਹਿਸੀਲਦਾਰ ਨੂੰ ਹੁਕਮ ਜਾਰੀ ਕਰ ਕੇ ਰਜਿਸਟਰੀ ਕਰਵਾਉਣ 'ਤੇ ਪਾਬੰਦੀ ਲਾਈ ਜਾਵੇਗੀ। ਇਸ ਦੇ ਨਾਲ ਹੀ ਬਿਜਲੀ ਬੋਰਡ ਨੂੰ ਕੁਨੈਕਸਨ ਨਾ ਦੇਣ ਦੇ ਹੁਕਮ ਜਾਰੀ ਕੀਤੇ ਜਾਣਗੇ। ਪਹਿਲਾਂ ਨੋਟਿਸ ਦੇ ਕੇ ਉਸਾਰੀ ਬੰਦ ਕਰਵਾਈ ਜਾਵੇਗੀ। ਫਿਰ ਇਸ ਸਬੰਧ 'ਚ ਤਿੰਨ ਨੋਟਿਸ ਜਾਰੀ ਕਰ ਕੇ ਕਾਲੋਨੀ ਨੂੰ ਢਾਹੁਣ ਦੀ ਅੰਤਿਮ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਗੈਰ-ਕਾਨੂੰਨੀ ਕਾਲੋਨੀ ਵਿਚ ਪਲਾਟ ਖਰੀਦਣ ਨਾਲ ਗਾਹਕ ਨੂੰ ਭਾਰੀ ਆਰਥਿਕ ਨੁਕਸਾਨ ਝੱਲਣਾ ਪਵੇਗਾ। ਉਨ੍ਹਾਂ ਲੋਕਾਂ ਨੂੰ ਕਾਲੋਨਾਈਜਰਾਂ ਅਤੇ ਪ੍ਰਾਪਰਟੀ ਡੀਲਰਾਂ ਦੇ ਜਾਲ ਵਿਚ ਨਾ ਫਸਣ ਦੀ ਅਪੀਲ ਕੀਤੀ। ਇਸ ਦੇ ਨਾਲ ਹੀ ਉਨ੍ਹਾਂ ਕਾਲੋਨਾਈਜਰਾਂ ਨੂੰ ਅਪੀਲ ਕੀਤੀ ਕਿ ਉਹ ਮਨਜੂਰੀ ਲੈਣ ਤਾਂ ਜੋ ਖਰੀਦਦਾਰਾਂ ਨੂੰ ਕਿਸੇ ਕਿਸਮ ਦੀ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ।

ਬਰਾਤ ਦੇ ਪੁੱਜਣ ਤੋਂ ਪਹਿਲਾਂ ਹੀ ਮੈਰਿਜ ਪੈਲੇਸ 'ਚ ਵਾਪਰਿਆ ਵੱਡਾ ਹਾਦਸਾ, ਦੇਖ ਹੈਰਾਨ ਰਹਿ ਗਏ ਸਭ

ਮਾਨਸਾ 27 ਅਕਤੂਬਰ। ਬੀਤੇ ਦਿਨੀਂ ਵਿਆਹ ਸਮਾਗਮ ਦੌਰਾਨ ਬਰਾਤ ਆਉਣ ਤੋਂ ਪਹਿਲਾਂ ਨਹਿਰੂ ਕਾਲਜ ਰੋਡ ਸਥਿਤ ਇਕ ਮੈਰਿਜ ਪੈਲੇਸ ਦੀ ਛੱਤ ਡਿੱਗ ਪਈ। ਮਿੰਟਾਂ ਵਿਚ ਹੀ ਪੈਲੇਸ ਦੀ

ਛੱਤ ਤਾਸ਼ ਦੇ ਪੱਤਿਆਂ ਵਾਂਗ ਖਿੱਲਰ ਗਈ। ਇਸ ਘਟਨਾ ਵਿਚ ਕੋਈ ਜਾਨੀ ਨੁਕਸਾਨ ਹੋਣ ਤੋਂ ਬਚਾਅ ਹੋ ਗਿਆ ਪਰ ਮਾਲੀ ਨੁਕਸਾਨ ਲੱਖਾਂ ਰੁਪਏ ਦਾ ਦੱਸਿਆ ਜਾ ਰਿਹਾ ਹੈ। ਛੱਤ ਡਿੱਗਣ ਦੌਰਾਨ ਵਿਆਹ ਸਮਾਗਮ ਦੀ ਤਿਆਰੀ ਚੱਲ ਰਹੀ ਸੀ, ਜਿਸ ਕਰਕੇ ਖਾਣ-ਪੀਣ ਦੇ ਸਮਾਨ ਦਾ ਕਾਫੀ ਨੁਕਸਾਨ ਹੋ ਗਿਆ। ਜਾਣ

‘ਕੋਹਰਾ’ ਅਧੀਨ ਚੱਲੀ ਮੁਹਿੰਮ ’ਚ ਬਿਜਲੀ ਚੋਰੀ ਦੇ 59 ਕੇਸ ਫੜੇ, 6.46 ਲੱਖ ‘ਜੁਰਮਾਨਾ’

ਜਲੰਧਰ 27 ਅਕਤੂਬਰ। ਹਰ ਮਹੀਨੇ 300 ਯੂਨਿਟ ਮੁਫਤ ਬਿਜਲੀ ਦੀ ਸਹੂਲਤ ਦੇ ਬਾਵਜੂਦ ਬਿਜਲੀ ਚੋਰੀ ਦੀ ਗੱਲ ਸੁਣਨ ’ਚ ਅਟਪਟੀ ਲੱਗਦੀ ਹੈ ਪਰ ਅਧਿਕਾਰੀਆਂ ਦਾ ਕਹਿਣਾ ਹੈ ਕਿ ਸਰਦੀ ਦੇ ਮੌਸਮ ’ਚ ਬਿਜਲੀ ਚੋਰੀ ਦੇ ਕੇਸ ਵਧਣ ਲੱਗਦੇ ਹਨ, ਕਿਉਂਕਿ ਹੀਟਰ, ਪਾਣੀ ਗਰਮ ਕਰਨ ਵਾਲੀ ਰਾਡ, ਗੀਜਰ ਦੀ ਵਰਤੋਂ ਵਧ ਜਾਂਦੀ ਹੈ। ਇਸ ਕਾਰਨ 300 ਯੂਨਿਟ ਕੁਝ ਦਿਨਾਂ ’ਚ ਪੂਰੇ ਹੋ ਜਾਂਦੇ ਹਨ ਅਤੇ ਕਈ ਲੋਕ ਚੋਰੀ ਕਰਨ ਲੱਗਦੇ ਹਨ, ਜਿਸ ਨਾਲ ਵਿਭਾਗ ਨੂੰ ਨੁਕਸਾਨ ਹੁੰਦਾ ਹੈ। ਇਸ ਨੁਕਸਾਨ ਨੂੰ ਰੋਕਣ ਲਈ ਵਿਭਾਗ ਵੱਲੋਂ ਅੱਜ ‘ਕੋਹਰਾ’ ਦੇ ਨਾਂ ਨਾਲ ਵਿਸ਼ੇਸ਼ ਮੁਹਿੰਮ ਚਲਾਈ ਗਈ। ‘ਕੋਹਰਾ’ ਅਧੀਨ ਜਲੰਧਰ ਸਰਕਲ ਦੀਆਂ ਪੰਜਾਂ ਡਿਵੀਜਨ ਵੱਲੋਂ 863 ਬਿਜਲੀ ਕੁਨੈਕਸ਼ਨਾਂ ਦੀ ਜਾਂਚ ਕੀਤੀ ਗਈ, ਜਿਸ ’ਚ ਬਿਜਲੀ ਚੋਰੀ ਅਤੇ ਬਿਜਲੀ ਦੀ ਗਲਤ ਵਰਤੋਂ ਕਰਨ ਵਾਲੇ 59 ਖਪਤਕਾਰਾਂ ਨੂੰ 6.46 ਲੱਖ ਜੁਰਮਾਨਾ ਕੀਤਾ ਗਿਆ ਹੈ। ਇਨ੍ਹਾਂ ’ਚ ਸਿੱਧੀ ਚੋਰੀ ਦੇ 14 ਕੇਸਾਂ ’ਚ 3.93 ਲੱਖ ਜੁਰਮਾਨਾ ਕੀਤਾ ਗਿਆ। ਉਥੇ ਹੀ 36 ਕੇਸ ਲੋਡ ਨਾਲ ਸਬੰਧਤ ਫੜੇ ਗਏ ਹਨ, ਉਕਤ ਖਪਤਕਾਰਾਂ ਵੱਲੋਂ ਮਨਜੂਰਸ਼ੁਦਾ ਲੋਡ ਤੋਂ ਵੱਧ ਲੋਡ ਦੀ ਵਰਤੋਂ ਕਰਕੇ ਸਿਸਟਮ ਨੂੰ ਨੁਕਸਾਨ ਪਹੁੰਚਾਇਆ ਜਾ ਰਿਹਾ ਹੈ, ਜਿਸ ਕਾਰਨ ਫਾਲਟ ਪੈਂਦੇ ਹਨ, ਟਰਾਂਸਫਾਰਮਰ ਆਦਿ ’ਚ ਖਰਾਬੀ ਆਉਂਦੀ ਹੈ। ਉਥੇ ਹੀ ਯੂ. ਯੂ. ਈ. (ਬਿਜਲੀ ਦੀ ਗਲਤ ਵਰਤੋਂ) ਕਰਨ ਦੇ 9 ਕੇਸ ਫੜੇ ਗਏ ਹਨ। ਉਕਤ ਖਪਤਕਾਰਾਂ ਵੱਲੋਂ ਘਰੇਲੂ ਬਿਜਲੀ ਦੀ ਕਮਰਸ਼ੀਅਲ ਵਰਤੋਂ ਕੀਤੀ ਜਾ ਰਹੀ ਹੈ, ਜੋਕਿ ਨਿਯਮਾਂ ਦੇ ਉਲਟ ਹੈ। ਅਧਿਕਾਰੀਆਂ ਮੁਤਾਬਕ ਘਰਾਂ ਚ ਬਣੀਆਂ ਦੁਕਾਨਾਂ ਦੇ ਲਈ ਵੱਖ ਤੋਂ ਮੀਟਰ ਲਗਵਾਉਣਾ ਜਰੂਰੀ ਹੈ ਪਰ ਲੋਕ ਘਰਾਂ ਦੀ ਬਿਜਲੀ ਤੋਂ ਦੁਕਾਨਾਂ ਦਾ ਕੁਨੈਕਸ਼ਨ ਚਲਾਉਂਦੇ ਹਨ, ਜੋਕਿ ਗਲਤ ਹੈ। ਪਿਛਲੇ ਦਿਨੀਂ ਸੁਪਰੀਟੈਂਡੈਂਟ ਇੰਜੀਨੀਅਰ ਦਾ ਚਾਰਜ ਸੰਭਾਲਣ ਵਾਲੇ ਸਰਕਲ ਹੈੱਡ ਸੁਰਿੰਦਰਪਾਲ ਸੋਂਧੀ ਵੱਲੋਂ ‘ਕੋਹਰਾ’ ਦੇ ਨਾਂ ਨਾਲ ਮੁਹਿੰਮ ਚਲਾਈ ਗਈ। ਇਸ ਤਹਿਤ ਪੰਜਾਂ ਡਵੀਜਨਾਂ ਦੇ ਐਕਸੀਅਨਾਂ ਦੀ ਪ੍ਰਧਾਨਗੀ ’ਚ ਟੀਮਾਂ ਗਠਿਤ ਕਰ ਕੇ ਸਪੈਸ਼ਲ ਚੈਕਿੰਗ ਦੇ ਹੁਕਮ ਦਿੱਤੇ ਗਏ। ਹਰੇਕ ਡਿਵੀਜਨ ਦੀ 3 ਤੋਂ 4 ਟੀਮਾਂ ਮਿਲਾ ਕੇ ਕੁੱਲ 18 ਟੀਮਾਂ ਵੱਲੋਂ ਇਕ ਹੀ ਸਮੇਂ ’ਚ ਚੈਕਿੰਗ ਨੂੰ ਅੰਜਾਮ ਦਿੱਤਾ ਗਿਆ। ਅਧਿਕਾਰੀਆਂ ਨੇ ਕਿਹਾ ਕਿ ਸਰਦੀ ’ਚ ਕੋਹਰਾ ਪੈਂਦਾ ਹੈ, ਜਿਸ ਕਾਰਨ ਮੁਹਿੰਮ ਨੂੰ ਕੋਹਰਾ ਨਾਂ ਦਿੱਤਾ ਗਿਆ, ਕਿਉਂਕਿ ਧੁੰਦ ਦੌਰਾਨ ਚੈਕਿੰਗ ਬਾਰੇ ਕਿਸੇ ਨੇ ਸੋਚਿਆ ਵੀ ਨਹੀਂ ਹੁੰਦਾ। ਈਸਟ ਡਿਵੀਜਨ ਵੱਲੋਂ ਐਕਸੀਅਨ ਜਸਪਾਲ ਸਿੰਘ ਦੀ ਅਗਵਾਈ ’ਚ 177 ਕਨੈਕਸ਼ਨਾਂ ਦੀ ਚੈਕਿੰਗ ਕਰਵਾਈ ਗਈ। ਇਸ

ਡਿਵੀਜਨ ਵੱਲੋਂ ਮੁੱਖ ਤੌਰ ’ਤੇ ਲੰਬਾ ਪਿੰਡ, ਅਲਾਵਲਪੁਰ, ਦੁਆਬਾ ਚੌਕ ਦੇ ਆਲੇ-ਦੁਆਲੇ ਦੇ ਇਲਾਕਿਆਂ ’ਚ ਰੇਡ ਮਾਰ ਕੇ ਓਵਰਲੋਡ ਦੇ 8, ਜਦਕਿ ਚੋਰੀ ਦੇ ਮਿਲਾ ਕੇ ਕੁੱਲ 12 ਕੇਸ ਫੜੇ ਗਏ, ਜਿਨ੍ਹਾਂ ਨੂੰ 2.66 ਲੱਖ ਰੁਪਏ ਜੁਰਮਾਨਾ ਕੀਤਾ ਗਿਆ ਹੈ। ਵੈਸਟ ਡਵੀਜਨ ਦੇ ਐਕਸੀਅਨ ਸੰਨੀ ਭੰਗੜਾ ਦੀ ਲੀਡਰਸ਼ਿਪ ’ਚ 169 ਕਨੈਕਸ਼ਨਾਂ ਦੀ ਚੈਕਿੰਗ ’ਚ ਬਿਜਲੀ ਚੋਰੀ ਦੇ 4, ਜਦਕਿ ਓਵਰਲੋਡ ਦੇ 11 ਕਨੈਕਸ਼ਨ ਮਿਲਾ ਕੇ ਕੁੱਲ 15 ਖਪਤਕਾਰਾਂ ਨੂੰ 1.35 ਲੱਖ ਜੁਰਮਾਨਾ ਕੀਤਾ ਗਿਆ ਹੈ। ਐਕਸੀਅਨ ਦੀ ਅਗਵਾਈ ’ਚ ਐੱਸ. ਡੀ. ਓ. ਨੇ ਮਕਸੂਦਾਂ, ਗਾਂਧੀ ਕੈਂਪ, ਗੋਪਾਲ ਨਗਰ ਤੇ ਆਲੇ-ਦੁਆਲੇ ਦੇ ਇਲਾਕੇ ’ਚ ਇਹ ਚੈਕਿੰਗ ਮੁਹਿੰਮ ਚਲਾਈ। ਮਾਡਲ ਟਾਊਨ ਦੇ ਐਕਸੀਅਨ ਜਸਪਾਲ ਸਿੰਘ ਪਾਲ ਦੀ ਪ੍ਰਧਾਨਗੀ ’ਚ 146 ਮੀਟਰਾਂ ਦੀ ਚੈਕਿੰਗ ਕਰਵਾਈ ਗਈ, ਜਿਸ ’ਚੋਂ 17 ਮੀਟਰ ਉਤਾਰ ਕੇ ਲੈਬ ਭਿਜਵਾਏ ਜਾ ਰਹੇ ਹਨ। ਇੰਜੀ. ਪਾਲ ਨੇ ਦੱਸਿਆ ਕਿ ਕੁੱਲ 10 ਕੇਸਾਂ ’ਚ ਖਪਤਕਾਰਾਂ ਨੂੰ 76 ਹਜਾਰ ਜੁਰਮਾਨਾ ਕੀਤਾ ਗਿਆ ਹੈ। ਕੈਂਟ ਡਿਵੀਜਨ ਦੇ ਐਕਸੀਅਨ ਅਵਤਾਰ ਸਿੰਘ ਮੁਤਾਬਕ 263 ਕਨੈਕਸ਼ਨਾਂ ਦੀ ਚੈਕਿੰਗ ਹੋਈ। ਇਸ ’ਚ ਓਵਰਲੋਡ ਅਤੇ ਬਿਜਲੀ ਚੋਰੀ ਨੂੰ ਮਿਲਾ ਕੇ ਕੁੱਲ 10 ਕਨੈਕਸ਼ਨ ਫੜੇ ਗਏ, ਜਿਨ੍ਹਾਂ ਨੂੰ 1.13 ਲੱਖ ਰੁਪਏ ਜੁਰਮਾਨਾ ਠੋਕਿਆ ਗਿਆ ਹੈ। ਇਸੇ ਤਰ੍ਹਾਂ ਫਗਵਾੜਾ ਡਿਵੀਜਨ ਦੇ ਐਕਸੀਅਨ ਹਰਦੀਪ ਕੁਮਾਰ ਵੱਲੋਂ 108 ਕਨੈਕਸ਼ਨਾਂ ਦੀ ਚੈਕਿੰਗ ’ਚ 12 ਕਨੈਕਸ਼ਨਾਂ ਨੂੰ 54 ਹਜਾਰ ਰੁਪਏ ਜੁਰਮਾਨਾ ਕੀਤਾ ਹੈ। ਸਰਕਲ ਹੈੱਡ ਤੇ ਸੁਪਰੀਟੈਂਡੈਂਟ ਇੰਜੀਨੀਅਰ ਸੁਰਿੰਦਰਪਾਲ ਸੋਂਧੀ ਨੇ ਕਿਹਾ ਕਿ ਸਾਰੇ ਐਕਸੀਅਨਾਂ ਨੂੰ ਹਦਾਇਤਾਂ ਦਿੱਤੀਆਂ ਗਈਆਂ ਹਨ ਕਿ ਉਹ ਸਰਦੀ ਦੇ ਦਿਨਾਂ ’ਚ ਚੋਰੀ ’ਤੇ ਵਿਸ਼ੇਸ਼ ਧਿਆਨ ਦੇਣ।

ਟਰੱਕ ਦੀ ਲਪੇਟ ’ਚ ਆ ਕੇ ਮੋਟਰਸਾਈਕਲ ਨੂੰ ਲੱਗੀ ਅੱਗ

ਪਟਿਆਲਾ 27 ਅਕਤੂਬਰ। ਸ਼ਹਿਰ ਦੇ ਨਵੇਂ ਬੱਸ ਸਟੈਂਡ ਕੋਲ ਬੀਤੀ ਰਾਤ ਟਰੱਕ ਨੇ ਮੋਟਰਸਾਈਕਲ ਨੂੰ ਟੱਕਰ ਮਾਰੀ ਦਿੱਤੀ, ਜਿਸ ਕਾਰਨ ਮੋਟਰਸਾਈਕਲ ਨੂੰ ਅੱਗ ਲੱਗ ਗਈ ਅਤੇ ਮੋਟਰਸਾਈਕਲ ਸਵਾਰ ਜਿੰਦਾ ਸੜ ਗਿਆ। ਮ੍ਰਿਤਕ ਦੀ ਪਛਾਣ ਸਾਹਿਲ (25) ਪੁੱਤਰ ਨਰਿੰਦਰ ਸਿੰਘ ਵਾਸੀ ਖੇੜੇ ਵਾਲਾ ਮੁਹੱਲਾ ਸਨੌਰ ਵਜੋਂ ਹੋਈ। ਮੋਟਰਸਾਈਕਲ ਨੂੰ ਅੱਗ ਲੱਗਣ ਤੋਂ ਬਾਅਦ ਟਰੱਕ ਨੂੰ ਵੀ ਅੱਗ ਲੱਗ ਗਈ ਅਤੇ ਇਕਦਮ ਦਹਿਸ਼ਤ ਵਾਲਾ ਮਾਹੌਲ ਬਣ ਗਿਆ ਅਤੇ ਟਰੱਕ-ਮੋਟਰਸਾਈਕਲ ਦੋਵੇਂ ਸੜ ਕੇ ਸੁਆਹ ਹੋ ਗਏ। ਮ੍ਰਿਤਕ ਦੇ ਭਰਾ ਨੇ ਦੱਸਿਆ ਕਿ ਉਸ ਦਾ ਭਰਾ ਨਵੇਂ ਬੱਸ ਸਟੈਂਡ ਦੇ ਕੋਲ ਆਪਣੇ ਮੋਟਰਸਾਈਕਲ ’ਤੇ ਜਾ ਰਿਹਾ ਸੀ ਤਾਂ ਟਰੱਕ ਡਰਾਈਵਰ ਨੇ ਲਾਪ੍ਰਵਾਹੀ ਨਾਲ ਟਰੱਕ ਲਿਆ ਕੇ ਉਸ ਦੇ ਭਰਾ ਦੇ ਮੋਟਰਸਾਈਕਲ ਨੂੰ ਟੱਕਰ ਮਾਰ ਦਿੱਤਾ। ਟੱਕਰ ਮਾਰਦੇ ਹੀ ਮੋਟਰਸਾਈਕਲ ਦੀ ਟੈਂਕੀ ਫਟ ਕੇ ਅੱਗ ਲੱਗ ਗਈ ਤੇ ਉਸ ਦਾ ਭਰਾ ਸਾਹਿਲ ਜਿੰਦਾ ਹੀ ਸੜ ਗਿਆ, ਜਿਸ ਕਾਰਨ ਉਸ ਦੀ ਮੌਕੇ ’ਤੇ ਮੌਤ ਹੋ ਗਈ। ਉਨ੍ਹਾਂ ਦੱਸਿਆ ਕਿ ਇਸ ਦੇ ਨਾਲ ਹੀ ਟਰੱਕ ਨੂੰ ਵੀ ਅੱਗ ਲੱਗ ਗਈ। ਸੂਚਨਾ ਮਿਲਣ ਤੋਂ ਬਾਅਦ ਫਾਇਰ ਬਿਗ੍ਰੇਡ ਦੀ ਗੱਡੀ ਪਹੁੰਚੀ ਤੇ ਅੱਗ ’ਤੇ ਕਾਬੂ ਪਾਇਆ। ਇਸ ਮਾਮਲੇ ਵਿਚ ਸੂਚਨਾ ਮਿਲਣ ਤੋਂ ਬਾਅਦ ਪੁਲਸ ਵੀ ਪਹੁੰਚ ਗਈ ਅਤੇ ਪੁਲਸ ਨੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ।

ਖਡੂਰ ਸਾਹਿਬ ‘ਚ ਵੱਡੀ ਜਿੱਤ ਤੋਂ ਬਾਅਦ ਡਿਬਰੂਗੜ੍ਹ ਜੇਲ੍ਹ ਪਹੁੰਚੀ ਅੰਮ੍ਰਿਤਪਾਲ ਦੀ ਪਤਨੀ

ਚੰਡੀਗੜ੍ਹ 27 ਅਕਤੂਬਰ। ਪੰਥਕ ਸੀਟ ਖਡੂਰ ਸਾਹਿਬ ਤੋਂ ਵੱਡੀ ਜਿੱਤ ਹਾਸਲ ਕਰਨ ਤੋਂ ਬਾਅਦ ਅੰਮ੍ਰਿਤਪਾਲ ਸਿੰਘ ਦੀ ਪਤਨੀ ਕਿਰਨਦੀਪ ਕੌਰ ਡਿਬਰੂਗੜ੍ਹ ਜੇਲ੍ਹ ਪਹੁੰਚ ਗਈ ਹੈ। ਜਿੱਥੇ ਉਹ ਅੰਮ੍ਰਿਤਪਾਲ ਸਿੰਘ ਨਾਲ ਮੁਲਾਕਾਤ ਕਰੇਗੀ। ਲੋਕ ਸਭਾ ਚੋਣਾਂ ਦੇ ਨਤੀਜਿਆਂ ਤੋਂ ਇਕ ਦਿਨ ਬਾਅਦ ਹੀ ਕਿਰਨਦੀਪ ਕੌਰ ਅੰਮ੍ਰਿਤਪਾਲ ਸਿੰਘ ਨਾਲ ਮੁਲਾਕਾਤ ਕਰਨ ਲਈ ਡਿਬਰੂਗੜ੍ਹ ਜੇਲ੍ਹ ਪਹੁੰਚ ਗਈ ਹੈ। ਆਜਾਦ ਤੌਰ ‘ਤੇ ਲੋਕ ਸਭਾ ਹਲਕਾ ਖਡੂਰ ਸਾਹਿਬ ਤੋਂ ਮੈਦਾਨ ਵਿਚ ਉਤਰੇ ਅੰਮ੍ਰਿਤਪਾਲ ਸਿੰਘ ਨੇ ਇਥੇ ਇਤਿਹਾਸਕ ਜਿੱਤ ਹਾਸਲ ਕੀਤੀ ਹੈ। ਖਡੂਰ ਸਾਹਿਬ ਤੋਂ ਆਏ ਨਤੀਜਿਆਂ ਨੇ ਸਭ ਨੂੰ ਹੈਰਾਨ ਕਰਕੇ ਰੱਖ ਦਿੱਤਾ ਹੈ। ਜੇਲ੍ਹ ਵਿਚ ਹੋਣ ਦੇ ਬਾਵਜੂਦ ਅੰਮ੍ਰਿਤਪਾਲ ਇਥੇ 2 ਲੱਖ ਦੇ ਕਰੀਬ ਮਾਰਜਨ ਨਾਲ ਜਿੱਤਿਆ ਹੈ। ਅੰਮ੍ਰਿਤਪਾਲ ਸਿੰਘ ਦੀ ਇਹ ਜਿੱਤ ਪੰਜਾਬ ਵਿਚ ਸਭ ਤੋਂ ਵੱਡੀ ਜਿੱਤ ਹੈ। ਅੰਮ੍ਰਿਤਪਾਲ ਨੂੰ ਇਥੇ 404430 ਰਿਕਾਰਡ ਵੋਟਾਂ ਹਾਸਲ ਹੋਈਆਂ ਸਨ। ਜਦਕਿ ਉਨ੍ਹਾਂ ਦੇ ਵਿਰੋਧੀ ਕੁਲਬੀਰ ਜੀਰਾ ਨੂੰ 207310 ਵੋਟਾਂ ਪਈਆਂ, ਆਮ ਆਦਮੀ ਪਾਰਟੀ ਦੇ ਮੰਤਰੀ ਲਾਲਜੀਤ ਸਿੰਘ ਭੁੱਲਰ ਨੂੰ 194-

836 ਵੋਟਾਂ ਪਈਆਂ। ਇਸ ਤੋਂ ਇਲਾਵਾ ਅਕਾਲੀ ਦਲ ਦੇ ਵਿਰਸਾ ਸਿੰਘ ਵਲਟੋਹਾ ਇਥੇ ਮਹਿਜ 86416 ਵੋਟਾਂ ‘ਤੇ ਹੀ ਸੁੰਗੜ ਕੇ ਰਹਿ ਗਏ। ਪੁੱਤਰ ਦੀ ਜਿੱਤ ‘ਤੇ ਅੰਮ੍ਰਿਤਪਾਲ ਦੇ ਮਾਤਾ-ਪਿਤਾ ਨੇ ਕੌਮ ਦਾ ਧੰਨਵਾਦ ਕੀਤਾ ਹੈ। ਉਨ੍ਹਾਂ ਕਿਹਾ ਕਿ ਇਹ ਨਤੀਜਾ ਸਾਰੇ ਪੰਥ ਅਤੇ ਪੰਜਾਬ ਲਈ ਖੁਸ਼ੀ ਦੀ ਗੱਲ ਹੈ ਪਰ ਨਾਲ ਹੀ ਇਹ ਵੀ ਅਪੀਲ ਕੀਤੀ ਕਿ ਕੋਈ ਵੀ 6 ਜੂਨ ਤਕ ਕਿਸੇ ਕਿਸਮ ਦਾ ਜਸ਼ਨ ਨਾ ਮਨਾਵੇ ਕਿਉਂਕਿ ਸਾਡੇ ਸ਼ਹੀਦੀ ਦਿਹਾੜੇ ਚੱਲ ਰਹੇ ਹਨ। ਉਨ੍ਹਾਂ ਵੱਲੋਂ ਸ੍ਰੀ ਅਖੰਡ ਪਾਠ ਸਾਹਿਬ ਅਰੰਭ ਕਰਵਾਏ ਜਾਣਗੇ ਤੇ 6 ਜੂਨ ਨੂੰ ਭੋਗ ਪਾਏ ਜਾਣਗੇ। ਉਨ੍ਹਾਂ ਕਿਹਾ ਕਿ ਇਹ ਜਿੱਤ ਸਾਡੇ ਸ਼ਹੀਦ ਸਿੰਘਾਂ ਨੂੰ ਸਮਰਪਿਤ ਹੈ। ਉਨ੍ਹਾਂ ਕਿਹਾ ਕਿ ਜਿੱਤਣ ਮਗਰੋਂ ਨਸ਼ੇ, ਬੰਦੀ ਸਿੰਘ ਅਤੇ ਬੇਅਦਬੀ ਦੇ ਮਾਮਲੇ ਪਹਿਲ ਦੇ ਅਧਾਰ ‘ਤੇ ਚੁੱਕੇ ਜਾਣਗੇ। ਉਨ੍ਹਾਂ ਇਹ ਵੀ ਅਪੀਲ ਕੀਤੀ ਕਿ ਸਰਕਾਰ ਨੂੰ ਬਿਨਾਂ ਕਿਸੇ ਕਾਨੂੰਨੀ ਲੜਾਈ ਦੇ ਅੰਮ੍ਰਿਤਪਾਲ ਸਿੰਘ ਨੂੰ ਰਿਹਾਅ ਕਰ ਦੇਣਾ ਚਾਹੀਦਾ ਹੈ ਤਾਂ ਜੋ ਉਹ ਲੋਕਾਂ ਵਿਚ ਵਿਚਰ ਕੇ ਨਸ਼ਿਆਂ ਖਿ?ਲਾਫ ਜਾਗਰੂਕਤਾ ਪੈਦਾ ਕਰ ਸਕੇ। ਉਨ੍ਹਾਂ ਕਿਹਾ ਕਿ ਅੰਮ੍ਰਿਤਪਾਲ ਸਿੰਘ ਪੰਜਾਬ ਦੇ ਹੱਕ ਵਿਚ ਆਵਾਜ ਬੁਲੰਦ ਕਰੇਗਾ।

ਦੋ ਨਾਬਾਲਗ ਬੱਚਿਆਂ ਨਾਲ ਬਦਫੈਲ ਕਰਨ ਦੇ ਦੋਸ ਵਿੱਚ ਮਦਰੱਸਾ ਅਧਿਆਪਕ ਗ੍ਰਿਫਤਾਰ

ਗੁਰਦਾਸਪੁਰ 27 ਅਕਤੂਬਰ। ਪੁਲਸ ਨੇ ਇੱਕ ਮਦਰੱਸੇ ਦੇ ਅਧਿਆਪਕ ਨੂੰ ਦੋ ਨਾਬਾਲਗ ਵਿਦਿਆਰਥੀਆਂ ਨਾਲ ਬਦਫੈਲੀ ਕਰਨ ਅਤੇ ਮਾਮਲੇ ਦਾ ਖੁਲਾਸਾ ਕਰਨ ’ਤੇ ਉਨ੍ਹਾਂ ਨੂੰ ਗੰਭੀਰ ਨਤੀਜੇ ਭੁਗਤਣ ਦੀ ਧਮਕੀ ਦੇਣ ਦੇ ਦੋਸ ਹੇਠ ਗ੍ਰਿਫਤਾਰ ਕੀਤਾ ਹੈ।ਸਰਹੱਦ ਪਾਰਲੇ ਸੂਤਰਾਂ ਅਨੁਸਾਰ ਸਿ?ਕਾਇਤਕਰਤਾ ਜਲਾਲ ਦੀਨ ਨੇ ਆਪਣੀ ਦਰਖਾਸਤ ਵਿੱਚ ਕਿਹਾ ਹੈ ਕਿ ਉਸ ਦਾ ਮੁੰਡਾ ਅਤੇ ਭਤੀਜਾ, ਜਿਸ ਦੀ ਉਮਰ 10-12 ਸਾਲ ਦਰਮਿਆਨ ਹੈ, ਪਿਛਲੇ ਕੁਝ ਮਹੀਨਿਆਂ ਤੋਂ ਚੱਕ ਨੰਬਰ 143/ਐੱਮ.ਐੱਲ. ਮਦਰੱਸੇ ਵਿੱਚ ਰਹਿ ਰਹੇ ਸਨ ਉਨ੍ਹਾਂ ਨੇ ਦੱਸਿਆ ਕਿ ਉਨ੍ਹਾਂ ਦੇ ਅਧਿਆਪਕ ਨੇ ਉਨ੍ਹਾਂ ਨਾਲ ਮਦਰੱਸੇ ’ਚ ਬਦਫੈਲੀ ਕੀਤੀ ਸੀ ਅਤੇ ਇਸ ਬਾਰੇ ਕਿਸੇ ਨੂੰ ਦੱਸਣ ’ਤੇ ਉਨ੍ਹਾਂ ਨੂੰ ਤਸੀਹੇ ਦੇਣ ਦੀ ਧਮਕੀ ਵੀ ਦਿੱਤੀ ਸੀ। ਪੁਲਸ ਨੇ ਸਿ?ਕਾਇਤ ’ਤੇ ਉਕਤ ਵਿਅਕਤੀ ਖਿ?ਲਾਫ ਧਾਰਾ 376, 377-ਬੀ ਤਹਿਤ ਕੇਸ ਦਰਜ ਕਰਕੇ ਸੱਕੀ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਵਿਦਿਆਰਥੀਆਂ ਨੂੰ ਮੈਡੀਕਲ ਜਾਂਚ ਲਈ ਹਸਪਤਾਲ ਭੇਜ ਦਿੱਤਾ ਗਿਆ ਹੈ।

ਹਥਿਆਰਾਂ ਦੀ ਨੋਕ ’ਤੇ ਲੁੱਟ-ਖੋਹ ਕਰਨ ਵਾਲੇ ਗਿਰੋਹ ਦੇ 2 ਮੈਂਬਰ ਕਾਬੂ

ਫਿਰੋਜ਼ਪੁਰ/ਮੱਲਾਂਵਾਲਾ 27 ਅਕਤੂਬਰ। ਫਿਰੋਜ਼ਪੁਰ ਜ਼ਿਲ੍ਹੇ ਵਿਚ ਸਮਾਜ ਵਿਰੋਧੀ ਅਨਸਰਾਂ ਖਿਲਾਫ ਵਿੱਢੀ ਗਈ ਮੁਹਿੰਮ ਦੇ ਤਹਿਤ ਏ. ਐੱਸ. ਆਈ. ਗੁਰਦੀਪ ਸਿੰਘ ਦੀ ਅਗਵਾਈ ਹੇਠ ਥਾਣਾ ਮੱਲਾਂਵਾਲਾ ਦੀ ਪੁਲਸ ਨੇ ਪਿਸਤੌਲ ਦੀ ਨੋਕ ’ਤੇ ਲੁੱਟ-ਖੋਹ ਕਰਨ ਵਾਲੇ ਇਕ ਗਿਰੋਹ ਦੇ 2 ਮੈਂਬਰਾਂ ਨੂੰ ਕਾਬੂ ਕੀਤਾ ਹੈ, ਜਿਨ੍ਹਾਂ ਪਾਸੋਂ 2 ਦੇਸੀ ਪਿਸਤੌਲ, ਜ਼ਿੰਦਾ ਕਾਰਤੂਸ ਅਤੇ 2 ਮੋਟਰਸਾਈਕਲ ਬਰਾਮਦ ਕੀਤੇ ਗਏ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਐੱਸ. ਪੀ. ਇਨਵੈਸਟੀਗੇਸ਼ਨ ਫਿਰੋਜ਼ਪੁਰ ਰਣਧੀਰ ਕੁਮਾਰ ਨੇ ਦੱਸਿਆ ਕਿ ਜਦੋਂ ਏ. ਐੱਸ. ਆਈ. ਗੁਰਦੀਪ ਸਿੰਘ ਦੀ ਅਗਵਾਈ ਹੇਠ ਥਾਣਾ ਮੱਲਾਂਵਾਲਾ ਦੀ ਪੁਲਸ ਗਸ਼ਤ ਅਤੇ ਸ਼ੱਕੀ ਵਿਅਕਤੀਆਂ ਦੀ ਚੈਕਿੰਗ ਕਰਦੇ ਹੋਏ ਬਿਜਲੀ ਘਰ ਦੇ ਨਜ਼ਦੀਕ ਪਹੁੰਚੀ ਤਾਂ ਉਨ੍ਹਾਂ ਨੂੰ ਇਹ ਗੁਪਤ ਸੂਚਨਾ ਮਿਲੀ ਕਿ ਗੋਬਿੰਦਾ ਪੁੱਤਰ ਸੋਹਣ ਲਾਲ, ਮਾਈਕਲ, ਲਾਡੀ, ਪ੍ਰਿੰਸ ਪੁੱਤਰ ਮੁਕੱਦਰ ਅਤੇ ਹੈਪੀ

ਪੁੱਤਰ ਜੀਤਾ ਵਾਸੀ ਮੱਲਾਂਵਾਲਾ ਨੇ ਇਕ ਗਿਰੋਹ ਬਣਾਇਆ ਹੋਇਆ ਹੈ, ਜਿਨ੍ਹਾਂ ਕੋਲ ਹਥਿਆਰ ਹਨ ਅਤੇ ਹਥਿਆਰਾਂ ਦੀ ਨੋਕ ’ਤੇ ਲੁੱਟ-ਖੋਹ ਕਰਦੇ ਹਨ, ਜੋ ਇਸ ਸਮੇਂ ਦਾਣਾ ਮੰਡੀ ਮੱਲਾਂਵਾਲਾ ਵਿਖੇ 2 ਮੋਟਰਸਾਈਕਲਾਂ ’ਤੇ ਹਥਿਆਰਾਂ ਨਾਲ ਲੈਸ ਹੋ ਕੇ ਕਿਸੇ ਲੁੱਟ ਦੀ ਵੱਡੀ ਘਟਨਾ ਨੂੰ ਅੰਜਾਮ ਦੇਣ ਦੀ ਤਿਆਰੀ ਕਰ ਰਹੇ ਹਨ। ਇਸ ਸੂਚਨਾ ਦੇ ਆਧਾਰ ’ਤੇ ਪੁਲਸ ਪਾਰਟੀ ਵਲੋਂ ਦੱਸੇ ਗਏ ਸਥਾਨ ’ਤੇ ਤੁਰੰਤ ਛਾਪਾਮਾਰੀ ਕੀਤੀ ਗਈ, ਜਿੱਥੋਂ ਪੁਲਸ ਨੇ ਗੋਬਿੰਦਾ ਅਤੇ ਪ੍ਰਿੰਸ ਨੂੰ ਕਾਬੂ ਕਰ ਲਿਆ ਜਦਕਿ ਉਨ੍ਹਾਂ ਦੇ ਹੋਰ ਸਾਥੀ ਪੁਲਸ ਨੂੰ ਦੇਖ ਕੇ ਭੱਜ ਗਏ। ਪੁਲਸ ਵਲੋਂ ਤਲਾਸ਼ੀ ਲੈਣ ’ਤੇ ਇਨ੍ਹਾਂ ਲੁਟੇਰਿਆਂ ਕੋਲੋਂ ਇਕ 32 ਬੋਰ ਦਾ ਦੇਸੀ ਪਿਸਤੌਲ ਅਤੇ 3 ਜਿੰ?ਦਾ ਕਾਰਤੂਸ, ਇਕ 315 ਬੋਰ ਦੇਸੀ ਪਿਸਤੌਲ ਸਮੇਤ 2 ਜਿੰ?ਦਾ ਕਾਰਤੂਸ ਅਤੇ 2 ਮੋਟਰਸਾਈਕਲ ਬਰਾਮਦ ਹੋਏ। ਐੱਸ. ਪੀ. ਰਣਧੀਰ ਕੁਮਾਰ ਨੇ ਦੱਸਿਆ ਕਿ ਕਾਬੂ ਕੀਤੇ ਗਏ ਲੁਟੇਰਾ ਗਿਰੋਹ ਦੇ ਮੈਂਬਰਾਂ ਤੋਂ ਪੁਲਸ ਵਲੋਂ ਪੁੱਛਗਿੱਛ ਕੀਤੀ ਜਾ ਰਹੀ ਹੈ ਅਤੇ ਇਨ੍ਹਾਂ ਸਾਰੇ ਨਾਮਜਦ ਲੁਟੇਰਿਆਂ ਖਿ?ਲਾਫ ਥਾਣਾ ਮੱਲਾਂਵਾਲਾ ਵਿਖੇ ਮਾਮਲਾ ਦਰਜ ਕਰ ਲਿਆ ਗਿਆ ਹੈ। ਪੁਲਸ ਵਲੋਂ ਫਰਾਰ ਹੋਏ ਲੁਟੇਰਿਆਂ ਨੂੰ ਫੜਨ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ।

ਪੰਜਾਬ ‘ਚ ਵਧ ਰਿਹਾ ਐੱਚ.ਆਈ.ਵੀ. ਦਾ ਪ੍ਰਕੋਪ, ਮੁਕਾਬਲੇ ਦੁੱਗਣੇ ਹੋਏ ਮਾਮਲੇ

ਫਾਜਿਲਕਾ 27

ਤੁਹਾਡੀ ਰਸੋਈ

ਪਨੀਰ ਮੱਖਣੀ

ਲਸਣ ਅਤੇ ਪਿਆਜ ਦੇ ਫ਼ਲੇਵਰ ਦੇ ਬਿਨਾਂ, ਜੈਨੀ ਸਟਾਇਲ ਦੀ ਪਨੀਰ ਮੱਖਣੀ ਸਬਜ਼ੀ ਦਾ ਸੁਆਦ ਬਹੁਤ ਹੀ ਚਟਾਖੇਦਾਰ ਹੁੰਦਾ ਹੈ। ਵਰਤ ਵਿੱਚ ਖਾਧੇ ਜਾਣ ਵਾਲੀ ਇਸ ਮਸਾਲੇਦਾਰ ਸਬਜ਼ੀ ਵਿੱਚ ਪਨੀਰ ਨੂੰ ਟਮਾਟਰ ਦੀ ਥਿਕ ਅਤੇ ਸਪਾਇਸੀ ਗ੍ਰੇਵੀ ਦੇ ਨਾਲ ਬਣਾਇਆ ਜਾਂਦਾ ਹੈ। ਇਸ ਕ੍ਰੀਮੀ ਟੈਕਸਚਰ ਵਾਲੀ ਸਬਜ਼ੀ ਦਾ ਸੁਆਦ ਲੈਣ ਲਈ ਤੁਸੀਂ ਹਰ ਤਰ੍ਹਾਂ ਦੀ ਰੋਟੀ ਅਤੇ ਚਾਵਲਾਂ ਦੇ ਨਾਲ ਇਸ ਦਾ ਸੁਆਦ ਲੈ ਸਕਦੇ ਹੋ। ਅੱਜ ਅਸੀਂ ਤੁਹਾਨੂੰ ਇਸ ਨੂੰ ਬਣਾਉਣ ਦੀ ਵਿਧੀ ਬਾਰੇ ਦੱਸਣ ਜਾ ਰਹੇ ਹਾਂ ਆਓ ਜਾਣਦੇ ਹਾਂ ਇਸ ਨੂੰ ਬਣਾਉਣ ਦੀ ਵਿਧੀ ਬਾਰੇ

ਸਮੱਗਰੀ
1 ਚਮਚ ਮੱਖਣ
ਚੁਟਕੀ ਇੱਕ ਜੀਰਾ
ਟਮਾਟਰ ਦੀ ਪਿਊਰੀ
ਤਾਜਾ ਕ੍ਰੀਮ 3/4 ਕੱਪ
ਨਮਕ ਸੁਆਦ ਮੁਤਾਬਕ
ਟਮਾਟਰ ਦੀ ਸਾਓਸ 2 ਚਮਚ
ਕਸ਼ਮੀਰੀ ਮਿਰਚ ਪਾਊਡਰ 1 ਚਮਚ
ਪਨੀਰ ਮਸਾਲਾ ਪਾਊਡਰ 1 ਚਮਚ
ਪਨੀਰ ਕੱਟਿਆ ਹੋਇਆ 200 ਗ੍ਰਾਮ
ਪਿਸੀ ਹੋਈ ਚੀਨੀ 1 ਚਮਚ
ਕਸੂਰੀ ਮੇਥੀ 1 ਚਮੱਚ

ਬਣਾਉਣ ਦੀ ਵਿਧੀ
ਪੈਨ ਗਰਮ ਕਰੋ ਅਤੇ ਉਸ ਵਿੱਚ ਮੱਖਣ ਪਾਓ।
ਮੱਖਣ ਪਿਘਲ ਜਾਣ 'ਤੇ ਉਸ ਵਿੱਚ ਜੀਰਾ ਪਾਓ
ਜੀਰੇ ਦੇ ਚਟਕਣ 'ਤੇ ਇਸ ਵਿੱਚ ਟਮਾਟਰ ਪਿਊਰੀ ਪਾਓ ਅਤੇ ਚੰਗੀ ਤਰ੍ਹਾਂ ਨਾਲ ਮਿਕਸ ਕਰੋ।
ਟਮਾਟਰ ਪਿਊਰੀ ਵਿੱਚ ਉਬਾਲ ਆਉਣ 'ਤੇ ਤਾਜ਼ਾ ਕ੍ਰੀਮ ਮਿਲਾਓ।
ਫ਼ਿਰ ਸਾਓਸ ਅਤੇ ਨਮਕ ਮਿਲਾ ਕੇ ਬਲੈਂਡ ਕਰੋ।
ਇਸ ਤੋਂ ਬਾਅਦ ਇਸ ਪੈਨ ਨੂੰ 10 ਮਿੰਟ ਤੱਕ ਢੱਕ ਕੇ ਰੱਖ ਦਿਓ ਅਤੇ ਪੱਕਣ ਦਿਓ। ਥੋੜ੍ਹੀ-ਥੋੜ੍ਹੀ ਦੇਰ ਵਿੱਚ ਹਿਲਾਉਣਾ ਨਾ ਭੁੱਲੋ।
ਢੱਕਣ ਹਟਾਓ ਅਤੇ ਕਸ਼ਮੀਰੀ ਲਾਲ ਮਿਰਚ ਪਾਊਡਰ ਅਤੇ ਪਨੀਰ ਮਸਾਲਾ ਮਿਲਾ ਕੇ ਚੰਗੀ ਤਰ੍ਹਾਂ ਨਾਲ ਮਿਕਸ ਕਰੋ।
ਫ਼ਿਰ ਟੁੱਕੜੇ ਕੀਤੇ ਹੋਏ ਪਨੀਰ ਪਾ ਕੇ ਮਿਕਸ ਕਰ ਲਓ।
ਸਰਵ ਕਰਨ ਤੋਂ ਪਹਿਲਾਂ ਇਸ ਵਿੱਚ ਕਸੂਰੀ ਮੇਥੀ ਪਾਓ ਅਤੇ ਪੀਸੀ ਹੋਈ ਖੰਡ ਮਿਲਾ ਕੇ ਚੰਗੀ ਤਰ੍ਹਾਂ ਨਾਲ ਮਿਕਸ ਕਰੋ।

ਚਟਪਟੀ ਫ਼ਰੂਟ ਚਾਟ



ਸਮੱਗਰੀ
150 ਗ੍ਰਾਮ ਉਬਲੇ ਆਲੂ
100 ਗ੍ਰਾਮ ਕੇਲਾ
150 ਗ੍ਰਾਮ ਸੇਬ
120 ਗ੍ਰਾਮ ਖੀਰਾ
50 ਗ੍ਰਾਮ ਲੋਬਿਆ ਉਬਲਿਆ ਹੋਇਆ
150 ਗ੍ਰਾਮ ਪਪੀਤਾ
1 ਚਮਚ ਲਾਲ ਮਿਰਚ
1 ਚਮਚ ਜੀਰਾ ਪਾਊਡਰ
1 ਚਮਚ ਹਰੀ ਮਿਰਚ
1 ਚਮਚ ਨਿੰਬੂ ਦਾ ਰਸ
3 ਚਮਚ ਇਮਲੀ ਦਾ ਪਲਪ
3 ਚਮਚ ਇਮਲੀ ਦੀ ਚਟਨੀ

ਬਣਾਉਣ ਦੀ ਵਿਧੀ
ਸਭ ਤੋਂ ਪਹਿਲਾਂ ਸਾਰੇ ਫ਼ਰੂਟ ਨੂੰ ਕੱਟ ਲਓ ਅਤੇ ਫ਼ਿਰ ਇੱਕ ਕੋਲੀ ਵਿੱਚ ਪਿਆਜ, ਕੇਲੇ, ਸੇਬ, ਖੀਰਾ, ਕਚਾਲੂ, ਪਪੀਤਾ ਅਤੇ ਲੋਬੀਆ ਮਿਲਾ ਲਓ। ਫ਼ਿਰ ਇਸ ਵਿੱਚ ਲਾਲ ਮਿਰਚ , ਚਾਟ ਮਸਾਲਾ, ਹਰੀ ਮਿਰਚ, ਕਾਲਾ ਨਮਕ, ਜੀਰਾ, ਹਰੀ ਮਿਰਚ, ਨਿੰਬੂ ਦਾ ਰਸ, ਇਮਲੀ ਦਾ ਪਲਪ, ਇਮਲੀ ਦੀ ਚਟਨੀ ਪਾ ਕੇ ਮਿਕਸ ਕਰ ਲਓ। ਚਾਟ ਬਣ ਕੇ ਤਿਆਰ ਹੈ ਇਸ ਨੂੰ ਸਰਵ ਕਰੋ।

ਸਟ੍ਰਾਬਰੀ ਚਾਕਲੇਟ ਬਾਰਸ

ਸਮੱਗਰੀ
4-5 ਸਟ੍ਰਾਬਰੀ
11/2 ਕੱਪ ਕਦੂਕਸ ਕੀਤਾ ਹੋਇਆ ਨਾਰੀਅਲ
1/4 ਕੱਪ ਮੈਪਲ ਸਿਰਪ
150 ਗ੍ਰਾਮ ਕੋਕੋਨਟ ਕ੍ਰੀਮ
2 ਚਮਚ ਕੋਕੋਨਟ ਤੇਲ
1 ਚਮਚ ਵਨੀਲਾ ਅਕਸਟ੍ਰੈਕਟ
200 ਗ੍ਰਾਮ ਡਾਰਕ ਚਾਕਲੇਟ
ਤੇਲ ਮਿਲਾ ਕੇ ਚੰਗੀ ਤਰ੍ਹਾਂ ਮਿਕਸ ਕਰੋ।
ਫ਼ਿਰ ਇਸ ਵਿੱਚ ਪੀਸੀ ਹੋਈ ਸਟ੍ਰਾਬੇਰੀ ਪਾਊਡਰ ਮਿਲਾਓ ਅਤੇ ਹੱਥ ਨਾਲ ਸਾਰੇ ਮਿਸ਼ਰਣ ਦੇ ਛੋਟੇ ਆਕਾਰ ਦੇ ਬਾਰ ਬਣਾ ਲਓ। ਜਦੋਂ ਸਾਰੇ ਸਟ੍ਰਾਬੇਰੀ ਬਾਰ ਬਣ ਜਾਣ ਤਾਂ ਇਸ ਨੂੰ ਕੁਝ ਦੇਰ ਲਈ ਫ਼ਰਿੱਜ ਵਿੱਚ ਰੱਖ ਦਿਓ।

ਫ਼ਿਰ ਚਾਕਲੇਟ ਨੂੰ ਕਿਸੇ ਕਟੋਰੇ ਵਿੱਚ ਪਾ ਕੇ ਮਾਈਕਰੋਵੇਵ ਵਿੱਚ ਪਿਘਲਣ ਲਈ ਰੱਖ ਦਿਓ।
ਜਦੋਂ ਚਾਕਲੇਟ ਪਿਘਲ ਜਾਵੇ ਤਾਂ ਤਿਆਰ ਸਟ੍ਰਾਬੇਰੀ ਬਾਰ ਨੂੰ ਫ਼ਰਿੱਜ ਵਿੱਚੋਂ ਕੱਢ ਲਓ ਅਤੇ ਇੱਕ-ਇੱਕ ਚਾਕਲੇਟ ਵਿੱਚ ਡਿੱਪ ਕਰਕੇ ਦੂਜੀ ਪਲੇਟ ਵਿੱਚ ਰੱਖ ਦਿਓ।
ਇਸੇ ਤਰ੍ਹਾਂ ਸਾਰੀ ਚਾਕਲੇਟ ਬਾਰ ਨੂੰ ਡਿਪ ਕਰਕੇ ਪਲੇਟ ਵਿੱਚ ਕੱਢ ਲਓ ਅਤੇ ਕੁਝ ਦੇਰ ਲਈ ਫ਼ਰਿੱਜ ਵਿੱਚ ਰੱਖ ਦਿਓ ਤਾਂ ਕਿ ਚਾਕਲੇਟ ਚੰਗੀ ਤਰ੍ਹਾਂ ਨਾਲ ਸੈਟ ਹੋ ਜਾਵੇ। ਤੁਹਾਡਾ ਸਟ੍ਰਾਬੇਰੀ ਚਾਕਲੇਟ ਤਿਆਰ ਹੈ।

ਖ਼ੁਦ ਨਾਲ ਵੀ ਕਰੀਏ ਗ਼ੁਫ਼ਤਗੂ

➢ ਦੀਪਤੀ ਬਬੂਟਾ

ਘਰ-ਪਰਿਵਾਰ, ਸਾਕ ਸਬੰਧੀ ਜ਼ਿੰਦਗੀ ਦਾ ਸਰਮਾਇਆ ਹੁੰਦੇ ਹਨ ਤੇ ਇਨ੍ਹਾਂ ਦੇ ਆਲੇ-ਦੁਆਲੇ ਹੀ ਉਮਰ ਚੱਕਾ ਚੱਲਦਾ ਰਹਿੰਦਾ ਹੈ। ਉਨ੍ਹਾਂ ਦੇ ਸੁਪਨਿਆਂ ਦੀ ਪੂਰਤੀ ਲਈ ਉਧੇੜ-ਬੁਣ ਕਰਨਾ ਜ਼ਰੂਰੀ ਹੈ, ਪਰ ਕੋਈ ਇੱਕ ਸੁਪਨਾ ਆਪਣੇ ਲਈ ਬੁਣਨਾ ਵੀ ਜ਼ਰੂਰੀ ਹੈ ਜੋ ਤੁਹਾਡੀ ਆਪਣੀ ਸ਼ਖ਼ਸੀਅਤ ਦੇ ਰੇਖਾ-ਚਿੱਤਰ ਦਾ ਸਭ ਤੋਂ ਖ਼ੂਬਸੂਰਤ ਨਮੂਨਾ ਬਣ ਕੇ ਦੂਜਿਆਂ ਨੂੰ ਖਿੱਚ ਪਾਵੇ ਤੇ ਖ਼ਾਸ ਹੋਣ ਦਾ ਅਹਿਸਾਸ ਹੋ ਜਾਵੇ। ਸੌਣਾ-ਜਾਗਣਾ, ਖਾਣਾ-ਪੀਣਾ, ਰੋਜ਼ੀ-ਰੋਟੀ ਕਮਾਉਣਾ ਰੋਜ਼ਾਨਾ ਜ਼ਿੰਦਗੀ ਦੀ ਦੌੜ ਹਨ ਜਿਸ 'ਚ ਇੱਕ-ਦੂਜੇ ਨੂੰ ਪਛਾੜਨ ਦੇ ਚੱਕਰ ਵਿੱਚ ਅਸੀਂ ਖ਼ੁਦ ਤੋਂ ਦੂਰ ਹੁੰਦੇ-ਹੁੰਦੇ ਸਵੈ ਦੀ ਪਛਾਣ ਤਕ ਭੁੱਲ ਕੇ ਭੀੜ ਦਾ ਹਿੱਸਾ ਬਣ ਜਾਂਦੇ ਹਾਂ। ਇਸ ਭੀੜ ਤੋਂ ਵੱਖ ਖੜ੍ਹਾ ਹੋਣ ਦਾ ਇੱਕੋ-ਇੱਕ ਰਾਹ ਹੈ ਆਪੇ ਨਾਲ ਸੰਵਾਦ ਰਚਾਉਂਦਿਆਂ ਖ਼ੁਦ ਦੀ ਪਛਾਣ ਕਰਨੀ।ਸਬੰਧਾਂ ਦੀ ਸਾਂਝ ਬਚਾਉਣ ਲਈ ਜੋਕਰ ਸਮੇਂ-ਸਮੇਂ 'ਤੇ ਆਪਸੀ ਗੱਲਬਾਤ ਮਹੱਤਵ ਰੱਖਦੀ ਹੈ ਤਾਂ ਖ਼ੁਦ ਨਾਲ ਸਾਂਝ ਬਣਾਉਣ ਲਈ ਆਪੇ ਨਾਲ ਸੰਵਾਦ ਰਚਾਉਣਾ ਵੀ ਬੇਹੱਦ ਜ਼ਰੂਰੀ ਹੈ। ਖ਼ੁਦ ਦਾ ਹਾਲ ਜਾਣਨਾ, ਆਪਣੇ ਅੰਦਰ ਦੇ ਜ਼ਖ਼ਮਾਂ ਦੀ ਪੀੜ ਪਛਾਣਨੀ ਵੀ ਜ਼ਰੂਰੀ ਹੈ।

ਖ਼ੁਦ ਨਾਲ ਗ਼ੁਫ਼ਤਗੂ ਕਰਨ ਲਈ ਆਪੇ 'ਤੇ ਝਾਤ ਪਾਉਂਦਿਆਂ ਖ਼ੁਦੀ ਨੂੰ ਨਿਹਾਰਨਾ ਤੇ ਇਸ ਪ੍ਰਕਿਰਿਆ ਦੌਰਾਨ ਟੁੱਟਦੇ-ਜੁੜਦੇ ਵਿਚਾਰਾਂ ਦੀ ਪੜਚੋਲ ਕਰਦਿਆਂ ਮਾੜੇ ਵਿਚਾਰਾਂ ਨੂੰ ਛੰਡ ਕੇ ਚੰਗੇ ਵਿਚਾਰਾਂ ਦਾ ਧਾਰਨੀ ਬਣਿਆ ਜਾ ਸਕਦਾ ਹੈ। ਸਵੈ-ਪੜਚੋਲ ਕਰਦਿਆਂ ਜਿੱਥੇ ਖ਼ੁਦ ਨੂੰ ਸਲਾਹੁਣਾ ਜ਼ਰੂਰੀ ਹੈ, ਉੱਥੇ ਨੀਰਸਤਾ ਅਤੇ ਨਕਾਰਾਤਮਕਤਾ ਦਾ ਪੱਖ ਭਾਰੀ ਪੈਂਦਿਆਂ ਖ਼ੁਦ ਨੂੰ ਫਿਟਕਾਰਨਾ ਵੀ ਜ਼ਰੂਰੀ ਹੈ।ਆਪੇ ਨਾਲ ਗ਼ੁਫ਼ਤਗੂ ਦਾ ਸਿਲਸਿਲਾ ਸ਼ੁਰੂ ਕਰਨ ਲਈ ਸਭ ਤੋਂ ਪਹਿਲਾਂ ਗਹਿਰੀ ਨੀਂਦ ਦਾ ਤਿਆਗ ਜ਼ਰੂਰੀ ਹੈ। ਸਵੇਰ ਦੀ ਨੀਂਦ ਮਨੁੱਖ ਨੂੰ ਆਪਣੇ ਕਲਾਵੇ 'ਚ ਘੁੱਟਦੀ ਹੈ, ਪਰ ਇਸ ਦਾ ਮੋਹ ਤਿਆਗਣ ਵਾਲੇ ਹੀ ਹੋਰਾਂ ਨੂੰ ਪਛਾੜ ਸਫਲਤਾ ਦੀ ਕਤਾਰ 'ਚ ਮੋਹਰੀ ਖੜ੍ਹੇ ਹੁੰਦੇ ਹਨ। ਅੱਖਾਂ ਦਾ

ਖੁੱਲ੍ਹਣਾ ਹੀ ਜਾਗਣਾ ਨਹੀਂ ਹੁੰਦਾ। ਅੱਖਾਂ ਖੋਲ੍ਹ ਕੇ ਬਿਸਤਰੇ 'ਚ ਸਿਰ ਦੇ ਕੇ ਰੱਖਣਾ ਤਾਂ ਸੁੱਤੇ ਹੋਣ ਨਾਲੋਂ ਵੀ ਭਿਆਨਕ ਅਵਸਥਾ ਹੈ ਕਿਉਂਕਿ ਇਹ ਆਲਸ ਹੀ ਦਰਿੱਦਰਤਾ ਬਣ ਕੇ ਨਿਰਾਸ਼ਾ ਦੀ ਹਾਲਤ ਦਾ ਆਧਾਰ ਬਣਦਾ ਹੈ।ਜੀਵਨ ਦਾ ਆਧਾਰ ਬਣਾਉਣ ਵਾਲੇ ਮਨੁੱਖ ਤੋਂ ਆਲਸ, ਦਰਿੱਦਰਤਾ, ਨਿਰਾਸ਼ਾ, ਅਸਫਲਤਾ ਭੈਅ ਖਾਂਦੇ ਹਨ। ਸੁੱਤੇ ਹੋਏ ਵੀ ਜਾਗਣ ਦੀ ਅਵਸਥਾ ਪ੍ਰਾਪਤ ਕਰਨਾ ਹੀ ਅਸਲ ਜਾਗਣਾ ਹੈ, ਜਿੱਥੇ ਨਿਰੰਤਰ ਆਪੇ ਨਾਲ ਸਵਾਲ ਕਰਦਿਆਂ ਹੁੰਗਾਰੇ ਦਾ ਸਿਲਸਿਲਾ ਚੱਲਦਾ ਰਹਿੰਦਾ ਹੈ। ਖ਼ੁਦ ਨੂੰ ਸਵਾਲ ਕਰੋ, ਜਨਮ ਤੋਂ ਮੌਤ ਤੱਕ ਦੇ ਸਫ਼ਰ ਵਿੱਚ ਮੈਂ ਕੌਣ ਹਾਂ ? ਮੈਂ ਕੀ ਹਾਂ ? ਮੈਂ ਕਿਉਂ ਹਾਂ ? ਮੈਂ ਕਿੱਥੇ ਹਾਂ ? ਮੈਂ ਕਿਸ ਲਈ ਹਾਂ ? ਜੇ ਮੌਤ ਹੀ ਹਕੀਕਤ ਹੈ ਤਾਂ ਜੀਵਨ ਦਾ ਅਰਥ ਕੀ ਹੈ ? ਮਕਸਦ ਕੀ ਹੈ ?

ਇੱਥੇ ਕੋਈ ਤੁਹਾਡੇ ਸੁਪਨੇ ਪੂਰੇ ਕਰਨ ਲਈ ਨਹੀਂ, ਬਲਕਿ ਹਰ ਕੋਈ ਆਪਣੇ ਸੁਪਨਿਆਂ ਦੀ ਪੂਰਤੀ ਦੇ ਮੱਕੜਜਾਲ ਵਿੱਚ ਉਲਝਿਆ ਹੋਇਆ ਹੈ। ਆਪਣੀ ਉਲਝਣ ਵਿੱਚੋਂ ਨਿਕਲਣ ਲਈ ਤੁਸੀਂ ਉਨ੍ਹਾਂ ਲਈ ਜ਼ਰੀਆ ਹੋ ਸਕਦੇ ਹੋ, ਰਸਤਾ ਹੋ ਸਕਦੇ ਹੋ ਤੇ ਪੌੜੀ ਵੀ। ਜ਼ਰੂਰਤ ਹੈ ਆਪਣੇ ਆਪ ਨੂੰ ਯਕੀਨ ਦੁਆਉਣ ਦੀ ਕਿ ਮੈਂ ਉਹ ਕੀਮਤੀ ਮੋਤੀ ਹਾਂ, ਜਿਸ ਦੀ ਕੀਮਤ ਹਰ ਕੋਈ ਆਪਣੀ ਸੋਝੀ ਮੁਤਾਬਿਕ ਪਾਉਂਦਾ ਜਾਂਦਾ ਹੈ ਤੇ ਆਖ਼ਿਰ ਇੱਕ ਦਿਨ ਜੌਹਰੀ ਹੀਰੇ ਅਤੇ ਪੱਥਰ ਵਿਚਲਾ ਫ਼ਰਕ ਪਛਾਣ ਕੇ ਤੁਹਾਡੇ ਸਾਹਮਣੇ ਤੁਹਾਡੀ ਅਸਲ ਕੀਮਤ ਉਜਾਗਰ ਕਰ ਦਿੰਦਾ ਹੈ। ਫਿਰ ਤੁਸੀਂ ਜ਼ਰੀਆ ਨਹੀਂ ਖ਼ੁਦ ਮੰਜ਼ਿਲ ਹੋ ਜਾਂਦੇ ਹੋ। ਕਿਸੇ ਨੂੰ ਸ਼ੀਸ਼ਾ ਦਿਖਾਉਣ ਤੋਂ ਪਹਿਲਾਂ ਖ਼ੁਦ ਸ਼ੀਸ਼ੇ ਦੀਆਂ ਅੱਖਾਂ ਵਿੱਚ ਅੱਖਾਂ ਪਾ ਕੇ ਵੇਖਣਾ ਜ਼ਰੂਰੀ ਹੈ। ਜੇ ਆਪਣੇ ਅੰਦਰ ਝਾਤ ਮਾਰਦਿਆਂ ਸਿਰ ਝੁਕ ਜਾਵੇ ਤਾਂ ਇਸ ਤੋਂ ਵੱਡੀ ਸ਼ਰਮਿੰਦਗੀ ਨਹੀਂ। ਜੋਕਰ ਖ਼ੁਦ ਨੂੰ ਨਿਹਾਰਦਿਆਂ ਚਿਹਰੇ ਦੀ ਲਾਲੀ ਖਿੜ ਉੱਠੇ ਤਾਂ ਇਸ ਤੋਂ ਵੱਡਾ ਫਖ਼ਰ ਕੋਈ ਹੋਰ ਹੋ ਹੀ ਨਹੀਂ ਸਕਦਾ। ਮਨ ਦੀ ਆਵਾਜ਼ ਸੁਣੋਂ, ਸੁਣੇ ਦਾ ਹੁੰਗਾਰਾ ਭਰੋ ਤੇ ਫਿਰ ਜੋ ਸੁਣਿਆ ਹੈ ਉਸ ਨੂੰ ਸਮਝ ਕੇ ਆਪੇ ਨੂੰ ਸਵਾਲ ਕਰਦਿਆਂ ਆਪਣੇ ਅੰਦਰੋਂ ਜੁਆਬ ਭਾਲਣਾ ਤੇ ਫਿਰ ਸਿੱਖੇ ਸਬਕ ਨੂੰ ਜੀਵਨ ਆਚਰਨ 'ਚ ਢਾਲਣਾ ਹੀ ਸ਼ਖ਼ਸੀਅਤ ਦਾ ਸ਼ਿੰਗਾਰ ਹੈ।

ਜ਼ਰੂਰਤ ਹੈ ਕਿਸੇ ਵਾਸਤੇ ਨਹੀਂ, ਬਲਕਿ ਆਪੇ ਲਈ ਖੁੱਲ੍ਹੀ ਕਿਤਾਬ ਬਣਨ ਦੀ। ਚਿਰਾਂ ਬਾਅਦ ਵੀ ਪੰਨਾ ਫੋਲੀਏ ਤਾਂ ਆਪੇ ਅੱਗੇ ਸ਼ਰਮਿੰਦਾ ਨਾ ਹੋਣਾ ਪਵੇ। ਖ਼ੁਦ ਨਾਲ ਹੱਸਣਾ, ਖ਼ੁਦ ਨਾਲ ਰੋਣਾ, ਖ਼ੁਦ ਨਾਲ ਦੋਸਤੀ ਕਰਕੇ ਆਪਣਾ ਆਲੋਚਕ ਬਣਨਾ, ਆਪਣੇ ਨਾਲ ਦੁਸ਼ਮਣੀ ਪਾ ਕੇ ਦੋਸਤੀ ਦੇ ਅਰਥ ਪਛਾਣਨਾ, ਦੂਜਿਆਂ ਨੂੰ ਦੀਵਾ ਦਿਖਾਉਣ ਦੀ ਬਜਾਏ ਖ਼ੁਦ ਦੀਵੇ ਦੀ ਲੋਅ ਤੋਂ ਚਾਨਣ ਲੈ ਕੇ ਦੂਜਿਆਂ ਨੂੰ ਰੌਸ਼ਨੀਆਂ ਵੰਡਣ ਦੀ ਪ੍ਰਵਿਰਤੀ ਪਾਲਣੀ ਅਤੇ ਝੂਠੀ ਜ਼ਿੰਦਗੀ ਜਿਊਣ ਦੀ ਆਦਤ ਤੋਂ ਛੁਟਕਾਰਾ ਪਾ ਕੇ ਖ਼ੁਦ ਨਾਲ ਸੱਚੇ ਬਣਨ ਦੀ ਲੋੜ ਹੈ। ਭਾਵੇਂ ਸੌਖਾ ਤਾਂ ਨਹੀਂ, ਪਰ ਇੱਕ ਵਾਰ ਜੇ ਆਪਣੇ ਆਪ ਨਾਲ ਸੱਚੇ ਹੋਣ ਦਾ ਹੌਸਲਾ ਆ ਗਿਆ ਤਾਂ ਯਕੀਨਨ ਨਾ ਕੇਵਲ ਜੀਵਨ ਖ਼ੂਬਸੂਰਤ ਹੋ ਜਾਏਗਾ, ਬਲਕਿ ਮੌਤ ਦੇ ਭੈਅ ਤੋਂ ਵੀ ਮੁਕਤੀ ਮਿਲ ਜਾਵੇਗੀ। ਕਿਸੇ ਦੇ ਦੁੱਖ ਦਿੱਤਿਆਂ ਰੋ ਪਏ, ਕਿਸੇ ਦੇ ਹਸਾਇਆਂ ਹੱਸ ਪਏ, ਅਜਿਹੇ ਕਠਪੁਤਲੀ ਜੀਵਨ ਨੂੰ ਤਿਆਗ ਕੇ ਕਿਉਂ ਨਾ ਆਪਣੇ ਹਾਸਿਆਂ-ਰੋਣਿਆਂ ਦੀ ਵਾਗਡੋਰ ਕੇਵਲ ਆਪਣੇ ਹੱਥ ਹੀ ਰੱਖੀ ਜਾਵੇ। ਮਨੁੱਖੀ ਜੀਵਨ ਬਹੁਮੁੱਲਾ ਹੈ। ਇਸ ਦੀਆਂ ਕਈ ਤੰਦਾਂ ਕਈ ਵਾਰ ਉਲਝ ਜਾਂਦੀਆਂ ਹਨ। ਇਨ੍ਹਾਂ ਨੂੰ ਸੁਲਝਾਉਣ ਦਾ ਵੀ ਇੱਕ ਮੂਲ-ਮੰਤਰ ਹੈ ਤੇ ਉਹ ਹੈ ਆਪਣੇ ਮਨ ਨਾਲ ਗੱਲਾਂ ਕਰਨਾ। ਤਾਂ ਫਿਰ ਆਓ, ਖ਼ੁਦ ਨਾਲ ਵੀ ਕਰੀਏ ਗ਼ੁਫ਼ਤਗੂ ਤੇ ਬਣ ਜਾਈਏ ਖ਼ੁਦ ਦੇ ਸੱਚੇ ਸਾਥੀ।

ਜ਼ਰੂਰਤ ਹੈ ਆਪਣੇ ਆਪ ਨੂੰ ਯਕੀਨ ਦੁਆਉਣ ਦੀ ਕਿ ਮੈਂ ਉਹ ਕੀਮਤੀ ਮੋਤੀ ਹਾਂ, ਜਿਸ ਦੀ ਕੀਮਤ ਹਰ ਕੋਈ ਆਪਣੀ ਸੋਝੀ ਮੁਤਾਬਿਕ ਪਾਉਂਦਾ ਜਾਂਦਾ ਹੈ ਤੇ ਆਖ਼ਿਰ ਇੱਕ ਦਿਨ ਜੌਹਰੀ ਹੀਰੇ ਅਤੇ ਪੱਥਰ ਵਿਚਲਾ ਫ਼ਰਕ ਪਛਾਣ ਕੇ ਤੁਹਾਡੇ ਸਾਹਮਣੇ ਤੁਹਾਡੀ ਅਸਲ ਕੀਮਤ ਉਜਾਗਰ ਕਰ ਦਿੰਦਾ ਹੈ। ਫਿਰ ਤੁਸੀਂ ਜ਼ਰੀਆ ਨਹੀਂ ਖ਼ੁਦ ਮੰਜ਼ਿਲ ਹੋ ਜਾਂਦੇ ਹੋ।

ਪ੍ਰਸ਼ੰਸਾ ਕਰਕੇ ਤਾਂ ਦੇਖੋ

ਜੋਧ ਸਿੰਘ ਮੋਗਾ

ਭਾਈ ਸਾਹਿਬ ਭਾਈ ਕਾਹਨ ਸਿੰਘ ਜੀ ਨੇ ਸ਼ਬਦ ਕੋਸ਼ ਵਿੱਚ ਪ੍ਰਸ਼ੰਸਾ ਦੇ ਦੋ ਹੀ ਅਰਥ ਲਿਖੇ ਹਨ, 'ਉਸਤਤਿ ਅਤੇ ਤਾਅਰੀਫ਼' ਪਰ ਕਈ ਕੋਸ਼ਾਂ ਨੇ ਸਿਫ਼ਤ, ਵਡਿਆਈ, ਮਹਿਮਾ, ਸ਼ਲਾਘਾ, ਤਾਰੀਫ਼ ਅਤੇ ਸਲਾਹੁਣ ਨੂੰ ਪ੍ਰਸ਼ੰਸਾ ਦੇ ਸਮਾਨਾਂਤਰ ਰੱਖਿਆ ਹੈ। ਹੋਰ ਵੀ ਕਈ ਸ਼ਬਦ ਇਸ ਦੇ ਹਾਣੀ ਹੋ ਸਕਦੇ ਹਨ। ਇਸ ਦੀ ਠੀਕ ਵਰਤੋਂ ਕਦੋਂ, ਕਿੱਥੇ ਅਤੇ ਕਿਵੇਂ ਕਰਨੀ ਹੈ, ਇਹ ਆਪਾਂ ਆਪ ਦੇਖਣਾ ਹੈ। ਮਹਾਨ ਲਿਖਾਰੀਆਂ, ਗੁਰੂਆਂ, ਪੀਰਾਂ ਅਤੇ ਪਰਚਾਰਕਾਂ ਨੇ ਪ੍ਰਸ਼ੰਸਾ ਨੂੰ ਬੜਾ ਉੱਚਾ ਸਥਾਨ ਦਿੱਤਾ ਹੈ। ਗੁਰੂ ਨਾਨਕ ਦੀ ਬਾਣੀ ਰੱਬ ਦੀ ਪ੍ਰਸ਼ੰਸਾ ਨਾਲ ਪੂਰੀ ਤਰ੍ਹਾਂ ਜੁੜੀ ਹੋਈ ਹੈ। ਗੁਰਬਖ਼ਸ਼ ਸਿੰਘ ਨੇ ਜੀਵਨ ਜਾਚ ਵਿੱਚ ਪ੍ਰਸ਼ੰਸਾ ਦੀ ਲੋੜ 'ਤੇ ਅਨੇਕਾਂ ਪੁਸਤਕਾਂ ਲਿਖੀਆਂ ਹਨ। ਡੇਲ ਕਾਰਨੇ ਨੇ ਅੰਤਿਮ ਦਿਨ ਕਿਵੇਂ ਵੀ ਗੁਜ਼ਾਰੇ ਹੋਣ, ਪਰ ਉਸ ਨੇ ਲੱਖਾਂ ਲੋਕਾਂ ਨੂੰ ਭਾਸ਼ਣਾਂ ਅਤੇ ਕਿਤਾਬਾਂ ਰਾਹੀ ਮਰਨੋਂ ਬਚਾਇਆ, ਜਿਊਣਾ ਸਿਖਾਇਆ ਅਤੇ ਖ਼ੁਸ਼ੀਆਂ ਭਰੀ ਜ਼ਿੰਦਗੀ ਦੇ ਰਾਹ ਪਾਇਆ। ਇਹ ਸਮੁੱਚੀ ਕਰਾਮਾਤ ਪ੍ਰਸ਼ੰਸਾ ਕਰਨ ਦੀ ਸੀ।

ਜਦੋਂ ਕੋਈ ਚੀਜ਼, ਕੋਈ ਗੱਲ, ਕੋਈ ਕੰਮ ਅਤੇ ਕੋਈ ਵਿਅਕਤੀ ਤੁਹਾਨੂੰ ਚੰਗਾ ਲੱਗਦਾ ਹੈ, ਤੁਹਾਨੂੰ ਖ਼ੁਸ਼ੀ ਦਿੰਦਾ ਹੈ, ਤੁਹਾਡੇ ਮਨ ਨੂੰ ਟੁੰਬਦਾ ਹੈ ਅਤੇ ਤੁਸੀਂ ਇਸ ਖ਼ੁਸ਼ੀ ਨੂੰ ਪ੍ਰਗਟ ਕਰਦੇ ਹੋ ਤਾਂ ਇਹ ਪ੍ਰਸ਼ੰਸਾ ਹੈ। ਇਹ ਖ਼ੁਸ਼ੀ ਤੁਸੀਂ ਆਪਣੇ ਮਨ ਹੀ ਮਨ 'ਚ ਰੱਖ ਕੇ ਵੀ ਆਨੰਦ ਲੈ ਸਕਦੇ ਹੋ, ਪਰ ਜੇ ਤੁਸੀਂ ਬੋਲ ਕੇ, ਸ਼ਬਦਾਂ ਰਾਹੀਂ ਲਿਖ ਕੇ, ਇਸ਼ਾਰਿਆਂ ਰਾਹੀਂ ਜਾਂ ਨਜ਼ਰਾਂ ਰਾਹੀਂ ਦੂਸਰਿਆਂ ਤਕ ਆਪਣੀ ਖ਼ੁਸ਼ੀ ਦਿਖਾ ਦਿੰਦੇ ਹੋ, ਇਹ ਅਜਿਹੀ ਪ੍ਰਸ਼ੰਸਾ ਹੈ, ਜਿਸ ਨਾਲ ਦੂਸਰੇ ਨੂੰ ਵੀ ਖ਼ੁਸ਼ੀ ਮਿਲਦੀ ਹੈ। ਇਹ ਖ਼

ਡੀ.ਜੀ.ਪੀ. ਗੌਰਵ ਯਾਦਵ ਨੇ 14 ਪੀ.ਸੀ.ਆਰ. ਵੈਨਾਂ ਨੂੰ ਦਿੱਤੀ ਹਰੀ ਝੰਡੀ, ਲੁਧਿਆਣਾ ਨੂੰ ਸੁਰੱਖਿਅਤ ਸ਼ਹਿਰ ਬਣਾਉਣ ਦਾ ਲਿਆ ਅਹਿਦ

➢ ਪੁਲਿਸ ਮੁਖੀ ਨੇ ਡੀ.ਏ.ਵੀ. ਪੁਲਿਸ ਪਬਲਿਕ ਸਕੂਲ ਦੇ ਵਿਦਿਆਰਥੀਆਂ ਨਾਲ ਕੀਤੀ ਗੱਲਬਾਤ

➢ ਡੀਜੀਪੀ ਪੰਜਾਬ ਨੇ ਕੋਹਾੜਾ ਨਾਕਾ 'ਤੇ ਰੁਕ ਕੇ ਕੀਤਾ ਮੁਆਇਨਾ ਅਤੇ ਇੱਥੋਂ ਕੰਮ-ਕਾਜ ਦਾ ਲਿਆ ਜਾਇਜ਼ਾ

ਚੰਡੀਗੜ੍ਹ, 27 ਅਕਤੂਬਰ-
-ਕੌਮੀ ਪੱਤ੍ਰਿਕਾ ਬਿਊਰੋ-

ਸਮਾਜ ਦੇ ਵੱਖ-ਵੱਖ ਵਰਗਾਂ ਤੋਂ ਸਿੱਧੀ ਫੀਡਬੈਕ ਲੈਣ ਦੇ ਮੱਦੇਨਜ਼ਰ ਚੱਲ ਰਹੇ ਗਰਾਊਂਡ-ਜ਼ੀਰੋ ਟੂਰ ਦੇ ਹਿੱਸੇ ਵਜੋਂ, ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਬੁੱਧਵਾਰ ਨੂੰ ਜਨਤਕ ਸੁਰੱਖਿਆ ਸੁਧਾਰਾਂ ਬਾਰੇ ਵਿਚਾਰ-ਵਟਾਂਦਰਾ ਕਰਨ ਅਤੇ ਸੁਝਾਅ ਪ੍ਰਾਪਤ ਕਰਨ ਲਈ ਲੁਧਿਆਣਾ ਵਿੱਚ ਉਦਯੋਗਪਤੀਆਂ ਨਾਲ ਇੱਕ ਗ਼ੈਰ-ਰਸਮੀ ਗੱਲਬਾਤ ਕੀਤੀ।

ਡੀਜੀਪੀ ਨੇ ਉਦਯੋਗਪਤੀਆਂ ਨਾਲ ਵਾਅਦਾ ਕਰਦਿਆਂ ਕਿਹਾ, ਲੁਧਿਆਣਾ ਇੱਕ ਉਦਯੋਗਿਕ ਧੁਰਾ ਹੈ, ਅਸੀਂ ਇਸਨੂੰ ਰਾਜ ਦਾ ਸਭ ਤੋਂ ਸੁਰੱਖਿਅਤ ਸ਼ਹਿਰ ਬਣਾਉਣ ਲਈ ਬਿਹਤਰ ਕਾਨੂੰਨ ਅਤੇ ਵਿਵਸਥਾ ਦੇਣਾ ਚਾਹੁੰਦੇ ਹਾਂ। ਆਉਣ ਵਾਲੇ ਦਿਨਾਂ ਵਿੱਚ ਤੁਸੀਂ ਬਹੁਤ ਵੱਡੇ ਪੱਧਰ ਦੇ ਸੁਧਾਰ ਵੇਖੋਗੇ"।

ਡੀਜੀਪੀ ਗੌਰਵ ਯਾਦਵ ਅੱਜ ਇੱਥੇ ਲੁਧਿਆਣਾ ਵਿਖੇ ਕਾਰਪੋਰੇਟ ਸੋਸ਼ਲ ਰਿਸਪੌਂਸੀਬਿਲਟੀ (ਸੀ.ਐਸ.ਆਰ.) ਫੰਡਿੰਗ ਰਾਹੀਂ ਸਿਟੀ ਪੀ.ਸੀ.ਆਰ. (ਪੁਲਿਸ ਕੰਟਰੋਲ ਰੂਮ) ਵਿੱਚ ਸ਼ਾਮਲ ਕੀਤੇ ਗਏ 14 ਨਵੇਂ ਵਾਹਨਾਂ ਨੂੰ ਹਰੀ ਝੰਡੀ ਦੇਣ ਅਤੇ ਪੁਲੀਸ ਲਾਈਨਜ਼ ਲੁਧਿਆਣਾ ਵਿਖੇ ਮੁਰੰਮਤ ਕੀਤੇ ਗਜ਼ਟਿਡ ਅਫਸਰਜ਼ (ਜੀਓ) ਮੈਸ ਦਾ ਉਦਘਾਟਨ ਕਰਨ ਲਈ ਪੁੱਜੇ ਸਨ। ਉਨ੍ਹਾਂ ਕਿਹਾ, ਇਨ੍ਹਾਂ ਨਵੇਂ 14 ਵਾਹਨਾਂ ਦੇ ਨਾਲ, ਪੀ.ਸੀ.ਆਰ. ਫਲੀਟ ਦੀ ਕੁੱਲ ਸਮਰੱਥਾ ਵਧ ਕੇ 71 ਹੋ ਗਈ ਹੈ।

ਡੀਜੀਪੀ ਗੌਰਵ ਯਾਦਵ ਨੇ ਸਨਅਤਕਾਰਾਂ ਨਾਲ ਗੈਰ-ਰਸਮੀ ਗੱਲਬਾਤ ਦੌਰਾਨ ਸ਼ਹਿਰ ਦੀ ਅਮਨ-ਕਾਨੂੰਨ ਦੀ ਸਥਿਤੀ ਬਾਰੇ ਉਨ੍ਹਾਂ ਤੋਂ ਸਿੱਧੀ ਫੀਡਬੈਕ ਲਈ। ਉਨ੍ਹਾਂ ਨੇ ਉਦਯੋਗਪਤੀਆਂ ਦੇ ਬਹੁਤੇ ਮੁੱਦਿਆਂ ਨੂੰ ਹੱਲ ਕਰਨ ਦਾ ਭਰੋਸਾ ਦਿੱਤਾ, ਜਿਸ ਵਿੱਚ ਪੁਲਿਸ ਨਫ਼ਰੀ ਦੀ ਘਾਟ, ਸ਼ਹਿਰ ਵਿੱਚ ਸੀ.ਸੀ.ਟੀ.ਵੀ. ਕੈਮਰਿਆਂ ਦੀ ਕਮੀ, ਵੱਡੇ ਖਤਰੇ ਵਜੋਂ ਉਭਰ ਰਹੇ ਸਾਈਬਰ ਅਪਰਾਧ ਤੇ ਧੋਖਾਧੜੀ, ਟਰੈਫਿਕ ਜਾਮ, ਰਾਤ ਦੀ ਸੁਰੱਖਿਆ ਆਦਿ ਸ਼ਾਮਲ ਸਨ। ਇਸ ਮੌਕੇ ਡੀ.ਜੀ.ਪੀ. ਦੇ ਨਾਲ ਪੁਲਿਸ ਕਮਿਸ਼ਨਰ ਲੁਧਿਆਣਾ ਕੁਲਦੀਪ ਚਾਹਲ ਅਤੇ ਪੁਲਿਸ ਲੁਧਿਆਣਾ ਰੇਂਜ ਦੀ ਡਿਪਟੀ ਇੰਸਪੈਕਟਰ ਜਨਰਲ (ਡੀ.ਆਈ.ਜੀ.) ਧਨਪ੍ਰੀਤ ਕੌਰ ਵੀ ਸ਼ਾਮਲ ਸਨ।

ਉਨ੍ਹਾਂ ਕਿਹਾ, ਮੈਂ ਤੁਹਾਨੂੰ (ਉਦਯੋਗਪਤੀਆਂ) ਨੂੰ ਭਰੋਸਾ ਦਿਵਾਉਂਦਾ ਹਾਂ ਕਿ ਪੰਜਾਬ ਸਰਕਾਰ ਵੱਲੋਂ ਪੁਲਿਸ ਵਿਭਾਗ ਵਿੱਚ ਐਲਾਨੀਆਂ ਗਈਆਂ 10000 ਨਵੀਆਂ ਅਸਾਮੀਆਂ ਵਿੱਚੋਂ ਲੁਧਿਆਣਾ ਕਮਿਸ਼ਨਰੇਟ ਪੁਲਿਸ ਨੂੰ ਉਸਦਾ ਬਣਦਾ ਹਿੱਸਾ ਜ਼ਰੂਰ ਮਿਲੇਗਾ। ਉਨ੍ਹਾਂ ਨੇ ਸੀ.ਪੀ. ਲੁਧਿਆਣਾ ਕੁਲਦੀਪ ਚਾਹਲ ਨੂੰ, ਸ਼ਹਿਰ ਵਿੱਚ ਆਵਾਜਾਈ ਨੂੰ ਸੁਚਾਰੂ ਬਣਾਉਣ ਲਈ ਟਰੈਫਿਕ ਵਿੰਗ ਦੀ ਸਮਰੱਥਾ ਵਧਾਉਣ ਲਈ ਅਸਥਾਈ ਪ੍ਰਬੰਧ ਕਰਨ ਦੇ ਨਿਰਦੇਸ਼ ਵੀ ਦਿੱਤੇ।

ਡੀਜੀਪੀ ਨੇ ਉਦਯੋਗਪਤੀਆਂ ਨੂੰ ਪੂਰੇ ਸ਼ਹਿਰ ਵਿੱਚ ਖਾਸ ਕਰਕੇ ਉਦਯੋਗਿਕ ਫੋਕਲ ਪੁਆਇੰਟ ਵਿੱਚ ਸੀਸੀਟੀਵੀ ਨਿਗਰਾਨੀ ਵਧਾਉਣ ਦਾ ਵੀ ਭਰੋਸਾ ਦਿੱਤਾ। ਸਾਈਬਰ ਧੋਖਾਧੜੀ 'ਤੇ, ਉਨ੍ਹਾਂ ਨੇ ਉਦਯੋਗਪਤੀਆਂ ਨੂੰ 'ਗੋਲਡਨ ਆਵਰ' ਦੀ ਵਰਤੋਂ ਕਰਨ ਲਈ '1930 ਸਾਈਬਰ ਹੈਲਪਲਾਈਨ' ਨੰਬਰ 'ਤੇ ਤੁਰੰਤ ਰਿਪੋਰਟ ਕਰਨ ਲਈ ਕਿਹਾ, ਜਿਸ ਨਾਲ ਸਾਈਬਰ ਧੋਖੇਬਾਜ਼ਾਂ ਵੱਲੋਂ ਪੀੜਤਾਂ ਦੇ ਖਾਤਿਆਂ 'ਚੋਂ ਕੱਢੇ ਗਏ ਪੈਸਿਆਂ ਨੂੰ ਛੇਤੀ ਫਰੀਜ਼ ਕਰਨ/ਲੀਅਨ ਮਾਰਕਿੰਗ ਕਰਨ ਵਿੱਚ ਮਦਦ ਮਿਲੇਗੀ।

ਉੱਘੇ ਉਦਯੋਗਪਤੀਆਂ, ਐਸ.ਸੀ ਰਲਹਨ ਅਤੇ ਨੀਰਜ ਸਤੀਜਾ ਨੇ ਜਨਤਕ ਮੀਟਿੰਗਾਂ ਕਰਨ ਅਤੇ ਪੁਲਿਸ ਥਾਣਿਆਂ ਅਤੇ ਨਾਕਿਆਂ ਦੀ ਅਚਨਚੇਤ ਚੈਕਿੰਗ ਕਰਨ ਲਈ ਗਰਾਊਂਡ ਜ਼ੀਰੋ ਤੋਂ ਸਥਿਤੀ ਨੂੰ ਜਾਣਨ ਲਈ ਡੀ.ਜੀ.ਪੀ. ਪੰਜਾਬ ਦੇ ਯਤਨਾਂ ਦੀ ਸ਼ਲਾਘਾ ਕੀਤੀ। ਉਨ੍ਹਾਂ ਨੇ ਅਮਨ-ਕਾਨੂੰਨ ਦੀ ਸਥਿਤੀ ਵਿੱਚ ਪ੍ਰਤੱਖ ਸੁਧਾਰ ਅਤੇ ਸਾਰੇ ਅਧਿਕਾਰੀਆਂ ਦੀ ਆਮ ਜਨਤਾ ਤੱਕ ਆਸਾਨ ਪਹੁੰਚ ਲਈ ਲੁਧਿਆਣਾ ਕਮਿਸ਼ਨਰੇਟ ਪੁਲਿਸ ਦੀ ਸ਼ਲਾਘਾ ਵੀ ਕੀਤੀ। ਮੀਟਿੰਗ ਦੌਰਾਨ ਉਦਯੋਗਪਤੀਆਂ ਨੇ ਪੁਲਿਸ ਨੂੰ ਪੂਰਨ ਸਹਿਯੋਗ ਦੇਣ ਦੀ ਪੇਸ਼ਕਸ਼ ਕੀਤੀ।

ਇਸ ਤੋਂ ਪਹਿਲਾਂ ਡੀਜੀਪੀ ਗੌਰਵ ਯਾਦਵ ਲੁਧਿਆਣਾ ਦੇ ਡੀ.ਏ.ਵੀ. ਪੁਲਿਸ ਪਬਲਿਕ ਸਕੂਲ ਦਾ ਵੀ ਦੌਰਾ ਵੀ ਕੀਤਾ ਅਤੇ ਵਿਦਿਆਰਥੀਆਂ ਨਾਲ ਬੜੇ ਦਿਲਕਸ਼ ਅੰਦਾਜ਼ ਵਿੱਚ ਗੱਲਬਾਤ ਕਰਦੇ ਹੋਏ ਭਾਈਚਾਰਕ ਸਾਂਝ ਵਿੱਚ ਨੌਜਵਾਨਾਂ ਦੀ ਅਹਿਮ ਭੂਮਿਕਾ ਨੂੰ ਉਜਾਗਰ ਕੀਤਾ। ਉਨ੍ਹਾਂ ਯੂ.ਪੀ.ਐਸ.ਸੀ.ਦੀ ਪ੍ਰੀਪਿਖਆ ਨੂੰ ਪਾਸ ਕਰਨ ਲਈ ਸੁਝਾਅ ਦਿੱਤੇ, ਪੁਲਿਸ ਦੇ ਕੰਮਕਾਜ ਅਤੇ ਪੁਲਿਸ ਅਫਸਰ ਦੀਆਂ ਚੁਣੌਤੀਆਂ ਬਾਰੇ ਵੀ ਵਿਦਿਆਰਥੀਆਂ ਨੂੰ ਜਾਣੂ ਕਰਵਾਇਆ।

ਡੀਜੀਪੀ ਨੇ ਵਿਦਿਆਰਥੀਆਂ ਨੂੰ ਆਪਣੀ ਪੜ੍ਹਾਈ 'ਤੇ ਧਿਆਨ ਦੇਣ ਅਤੇ ਆਪਣੇ ਟੀਚਿਆਂ ਬਾਰੇ ਸਪੱਸ਼ਟ ਹੋਣ ਦੀ ਸਲਾਹ ਦਿੱਤੀ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਆਉਣ ਵਾਲੀਆਂ ਬੋਰਡ ਪ੍ਰੀਖਿਆਵਾਂ ਲਈ ਸ਼ੁੱਭਕਾਮਨਾਵਾਂ ਵੀ ਦਿੱਤੀਆਂ।

ਡੀਜੀਪੀ ਨੇ ਕੋਹਾੜਾ ਵਿੱਚ ਹਾਈਟੈਕ ਨਾਕੇ ਦਾ ਨਿਰੀਖਣ ਕੀਤਾ

ਸਵੇਰੇ ਲੁਧਿਆਣਾ ਜਾਂਦੇ ਸਮੇਂ ਡੀ.ਜੀ.ਪੀ ਪੰਜਾਬ ਗੌਰਵ ਯਾਦਵ ਨੇ ਕੋਹਾੜਾ ਨਾਕਾ 'ਤੇ ਮੁਆਇਨਾ ਕਰਨ ਅਤੇ ਇਥੋਂ ਦੇ ਕੰਮਕਾਜ ਦਾ ਜਾਇਜ਼ਾ ਲੈਣ ਲਈ ਰੁਕੇ। ਉਨ੍ਹਾਂ ਨੇ ਪੁਲਿਸ ਅਧਿਕਾਰੀਆਂ ਨਾਲ ਵੀ ਗੱਲਬਾਤ ਕੀਤੀ, ਵਿਸ਼ੇਸ਼ ਕਰਕੇ ਨਾਕਿਆਂ ਦੇ ਕੰਮਕਾਜ ਦਾ ਜਾਇਜ਼ਾ ਲਿਆ ਅਤੇ ਉਨ੍ਹਾਂ ਨੂੰ ਪੇਸ਼ੇਵਰਤਾ ਦੇ ਉੱਚੇ ਮਿਆਰਾਂ ਨੂੰ ਕਾਇਮ ਰੱਖਣ ਲਈ ਪ੍ਰੇਰਿਆ। ਉਨ੍ਹਾਂ ਜੋਰ ਦੇ ਕੇ ਕਿਹਾ,"ਇਹ ਵਿਸ਼ੇਸ਼ ਵਾਹਨਾਂ ਜਾਂਚ ਵਧੀ ਹੋਈ ਸੁਰੱਖਿਆ ਅਤੇ ਪ੍ਰਭਾਵਸ਼ਾਲੀ ਕਾਨੂੰਨ ਵਿਵਸਥਾ ਲਾਗੂ ਕਰਨ ਲਈ ਜਾਰੀ ਰਹੇਗੀ।"

ਟਾਟਾ ਮੋਟਰਜ਼ ਨੇ 'ਕਸਟਮਰ ਕੇਅਰ ਮੇਲੇ' ਦਾ ਉਦਘਾਟਨ ਕੀਤਾ

ਚੰਡੀਗੜ੍ਹ, 27 ਅਕਤੂਬਰ-
-ਕੌਮੀ ਪੱਤ੍ਰਿਕਾ ਬਿਊਰੋ-

ਭਾਰਤ ਦੇ ਸਭ ਤੋਂ ਵੱਡੇ ਕਮਰਸ਼ੀਅਲ ਵਾਹਨਾਂ ਦੇ ਨਿਰਮਾਤਾ, ਟਾਟਾ ਮੋਟਰਸ ਨੇ ਆਪਣੇ ਕਵਾਲਰ ਕੇਅਰ ਮੇਲੇ 2024 ਨੂੰ ਲਾਂਚ ਕੀਤਾ ਹੈ। ਕਮਰਸ਼ੀਅਲ ਵਾਹਨ ਉਪਭੋਗਤਾਵਾਂ ਦੇ ਨਾਲ ਜੋੜਨ ਵਾਲਾ ਇਹ ਪ੍ਰੋਗਰਾਮ 24 ਦਸੰਬਰ 2024 ਤੱਕ ਚੱਲੇਗਾ। 2500 ਤੋਂ ਕੇਂਦਰਾਂ ਨੂੰ ਮਿਲਣਗੇ। ਇਹਨਾਂ ਕਮਰਸ਼ੀਅਲ ਵਾਹਨਾਂ ਦੇ ਮਾਲਕ ਅਤੇ ਡਰਾਈਵਰ ਇੱਕ ਮੰਚ 'ਤੇ ਮਹੱਤਵਪੂਰਨ ਚਰਚਾ ਕਰਨਗੇ। ਇਸ ਪ੍ਰੋਗਰਾਮ ਦੇ ਅਧੀਨ, ਗਾਹਕ ਕਈ ਲਾਭ ਉਠਾ ਸਕਦੇ ਹਨ।

ਉਹ ਪ੍ਰਸਿਧ ਤਕਨੀਸ਼ੀਅਨ ਤੋਂ ਗਾੜੀਆਂ ਦੀ ਪੂਰੀ ਜਾਂਚ ਕਰ ਸਕਦਾ ਹੈ, ਅਤੇ ਉਸ ਨੇ ਕਈ ਸਲਾਹਾਂ ਤੱਕ ਪਹੁੰਚ ਵੀ ਗੱਲ ਕੀਤੀ। ਡ੍ਰਾਈਵਰਾਂ ਦੀ ਸੁਰੱਖਿਅਤ ਅਤੇ ਊਰਜਾ ਬਚਾਓ ਵਾਲੇ ਡਰਾਈਵਿੰਗ ਤਕਨੀਕ ਸਿਖਾਉਣ ਲਈ ਵਿਸਤ੍ਰਿਤ ਸਿਖਲਾਈ ਦਿੱਤੀ ਜਾਵੇਗੀ। ਇਸ ਤੋਂ ਇਲਾਵਾ, ਆਪਣੀ ਪੂਰੀ ਸੇਵਾ 2.0 ਪਹਿਲ ਦੇ ਅਧੀਨ ਕਈ ਵਿਸ਼ੇਸ਼ ਰੂਪ ਤੋਂ ਤਿਆਰ ਪੇਸ਼ਕਸ਼ਾਂ ਵੀ ਮਿਲਦੀਆਂ ਹਨ। ਟਾਟਾ ਮੋਟਰਜ਼ ਦੇ ਐਕਸਜੀਕਯੂਟਿਵ ਡਾਇਰੇਕੈਟਰ ਸ਼੍ਰੀ ਗੀਰਿਸ਼ ਵਾਗ ਨੇ ਕਵਾਲ ਕੇਅਰ ਮੇਲੇ 2024 ਐਡਿਸ਼ਨ ਦਾ ਉਦਘਾਟਨ ਕਰਦੇ ਹੋਏ ਕਿਹਾ, ਹਮ ਇਸ ਸਾਲ ਕਾਇਲਰ ਕੇਅਰ ਮੇਲੇ ਕੋ ਦੋਬਾਰਾ ਲਾਕਰ ਕਾਫੀ ਉਤਸ਼ਾਹਿਤ ਹਨ। ਇਸਦੀ ਸ਼ੁਰੂਆਤ 23 ਅਕਤੂਬਰ ਤੋਂ ਹੋ ਰਹੀ ਹੈ। ਇਸ ਦਿਨ ਦਾ ਸਾਡਾ ਖਾਸ ਮਹੱਤਵ ਹੈ ਅਸੀਂ 1954 ਵਿੱਚ ਆਪਣਾ ਇਹ ਦਿਨ ਪਹਿਲਾ ਕਮਰਸ਼ੀਅਲ ਵਾਹਨ ਬੇਚਾ ਸੀ। ਹੁਣ ਅਸੀਂ ਇਹ ਕਸਟਮਰ ਕੇਅਰ ਡੇ ਕੇ ਰੂਪ ਵਿੱਚ ਦੇਖਦੇ ਹਾਂ। ਇਹ ਫ਼ੈਸਟੀਵਲ ਉਪਭੋਗਤਾਵਾਂ ਨੂੰ ਸਭ ਤੋਂ ਵਧੀਆ ਸੇਵਾ ਪ੍ਰਦਾਨ ਕਰਨ ਦੀ ਸਾਡੀ ਨੀਤੀ ਹੈ। ਇਨ੍ਹਾਂ ਗਾਂਵਾਂ ਦੀਆਂ ਖੂਹਾਂ ਦੀ ਜਾਂਚ ਅਤੇ ਗਾਹਕਾਂ ਨੂੰ ਕਈ ਅਤੇ ਲਾਭ ਵੀ ਮਿਲਣਗੇ। ਅਸੀਂ ਇਹ ਯਕੀਨੀ ਬਣਾਉਣਾ ਚਾਹੁੰਦੇ ਹਾਂ ਕਿ ਇਹ ਤਿਉਹਾਰ ਸਾਡੇ ਸਾਰੇ ਉਪਭੋਗਤਾਵਾਂ ਦੀ ਜ਼ਿੰਦਗੀ ਵਿੱਚ ਖੁਸ਼ੀਆਂ ਬਿਖੇਰੇ, ਕਿਸੇ ਵੀ ਦੇਸ਼ ਵਿੱਚ ਵੀ ਰਹਿੰਦੇ ਹਨ। ਅਸੀਂ ਆਪਣੇ ਸਾਰੇ ਸਾਥੀਆਂ ਅਤੇ ਹਿਤਧਾਰਕਾਂ ਤੋਂ ਆਪਣਾ ਰਿਸ਼ਤਾ ਅਤੇ ਮਜ਼ਬੂਤ ਕਰਨਾ ਚਾਹੁੰਦੇ ਹਾਂ।

ਅਸੀਂ ਚਾਰੋਂ ਸੀਟਾਂ ਜਿੱਤਾਂਗੇ, ਪੰਜਾਬ ਦੀ ਜਨਤਾ 'ਆਪ' ਦੇ ਨਾਲ ਹੈ: ਭਗਵੰਤ ਮਾਨ

➢ 'ਆਪ' ਜਿਮਨੀ ਚੋਣਾਂ 'ਚ ਜ਼ਮੀਨੀ ਪੱਧਰ 'ਤੇ ਕਰੇਗੀ ਪ੍ਰਚਾਰ : ਡਾ: ਸੰਦੀਪ ਪਾਠਕ ➢ ਲੋਕਾਂ ਦੀਆਂ ਮੰਗਾਂ ਤੇ ਮੁੱਦਿਆਂ ਨਾਲ ਸੰਬੰਧਤ ਚਲਾਈ ਗਈ ਮੁਹਿੰਮ ਨੂੰ ਵੋਟਰਾਂ ਦਾ ਅਸ਼ੀਰਵਾਦ ਅਤੇ ਸਮਰਥਨ ਮਿਲਦਾ ਹੈ: 'ਆਪ' ਸੰਸਦ ਮੈਂਬਰ

ਚੰਡੀਗੜ੍ਹ, 27 ਅਕਤੂਬਰ-
-ਕੌਮੀ ਪੱਤ੍ਰਿਕਾ ਬਿਊਰੋ-

ਆਮ ਆਦਮੀ ਪਾਰਟੀ 'ਆਪ' ਦੇ ਕੌਮੀ ਜਨਰਲ ਸਕੱਤਰ ਅਤੇ ਸੰਸਦ ਮੈਂਬਰ ਸੰਦੀਪ ਪਾਠਕ ਨੇ ਅੱਜ ਪੰਜਾਬ 'ਚ ਜ਼ਿਮਨੀ ਚੋਣ ਲਈ ਪਾਰਟੀ ਦੇ ਚਾਰ ਉਮੀਦਵਾਰਾਂ ਦੀ ਮੀਟਿੰਗ ਤੋਂ ਬਾਅਦ ਮੀਡੀਆ ਨਾਲ ਗੱਲਬਾਤ ਕਰਦੇ ਹੋਏ ਕਿਹਾ ਕਿ ਪਾਰਟੀ ਜ਼ਮੀਨੀ ਪੱਧਰ 'ਤੇ ਚੋਣ ਪ੍ਰਚਾਰ ਕਰੇਗੀ। ਉਨ੍ਹਾਂ ਐਲਾਨ ਕੀਤਾ ਕਿ ਪਾਰਟੀ ਦੇ ਸਾਰੇ ਮੈਂਬਰ ਪਿੰਡਾਂ ਵਿਚ ਵੋਟਰਾਂ ਨਾਲ ਸਰਗਰਮੀ ਨਾਲ ਮਿਲਣਗੇ ਅਤੇ ਜਨਤਾ ਦੇ ਮਹੱਤਵਪੂਰਨ ਮੁੱਦਿਆਂ 'ਤੇ ਧਿਆਨ ਕੇਂਦਰਿਤ ਕਰਨਗੇ।

ਮੀਟਿੰਗ ਦੌਰਾਨ ਮੁੱਖ ਮੰਤਰੀ ਭਗਵੰਤ ਮਾਨ ਨੇ 'ਆਪ' ਉਮੀਦਵਾਰਾਂ ਨਾਲ ਚੋਣ ਪ੍ਰਚਾਰ ਰਣਨੀਤੀ 'ਤੇ ਚਰਚਾ ਕੀਤੀ ਅਤੇ ਕਿਹਾ ਕਿ 'ਆਪ' ਸਾਰੀਆਂ ਚਾਰ ਸੀਟਾਂ 'ਤੇ ਜਿੱਤ ਦਰਜ ਕਰੇਗੀ। ਉਨ੍ਹਾਂ ਕਿਹਾ ਕਿ ਲੋਕ ਸਾਡੇ ਨਾਲ ਹਨ ਕਿਉਂਕਿ ਅਸੀਂ ਉਨ੍ਹਾਂ ਦੇ ਮੁੱਦਿਆਂ ਅਤੇ ਕੰਮ 'ਤੇ ਧਿਆਨ ਕੇਂਦਰਿਤ ਕਰਦੇ ਹਾਂ।

ਪਾਠਕ ਨੇ ਭਰੋਸਾ ਪ੍ਰਗਟਾਇਆ ਕਿ ਵੋਟਰ ਸਰਕਾਰ ਦੇ ਕੰਮ ਦੇ ਆਧਾਰ 'ਤੇ ਸਾਡੇ ਉਮੀਦਵਾਰਾਂ ਦਾ ਸਮਰਥਨ ਕਰਨਗੇ। ਉਨ੍ਹਾਂ ਪਾਰਟੀ ਵਰਕਰਾਂ ਨੂੰ ਲੋਕਾਂ ਦੀਆਂ ਹੱਕੀ ਮੰਗਾਂ ਨੂੰ ਪਹਿਲ ਦੇਣ ਲਈ ਪ੍ਰੇਰਿਤ ਕੀਤਾ ਅਤੇ ਜ਼ੋਰ ਦੇ ਕੇ ਕਿਹਾ ਕਿ ਲੋਕਾਂ ਦੇ ਮੁੱਦਿਆਂ ਨਾਲ ਸੰਬੰਧਿਤ ਬਣਾਈ ਗਈ ਮੁਹਿੰਮ ਨੂੰ ਵੋਟਰਾਂ ਦਾ ਅਸ਼ੀਰਵਾਦ ਅਤੇ ਸਮਰਥਨ ਮਿਲੇਗਾ। ਉਨ੍ਹਾਂ ਨੇ ਮੁਹਿੰਮ ਦੀ ਰਣਨੀਤੀ ਦੀ ਰੂਪਰੇਖਾ ਤਿਆਰ ਕੀਤੀ ਹੈ, ਜਿਸ ਵਿੱਚ ਅਰਵਿੰਦ ਕੇਜਰੀਵਾਲ ਅਤੇ ਭਗਵੰਤ ਮਾਨ ਸਮੇਤ 'ਆਪ' ਆਗੂਆਂ ਦੀ ਸ਼ਮੂਲੀਅਤ ਨਾਲ ਰੋਡ ਸ਼ੋਅ ਅਤੇ ਛੋਟੀਆਂ ਮੀਟਿੰਗਾਂ ਸ਼ਾਮਲ ਹਨ। ਪਾਠਕ ਨੇ ਕਿਹਾ ਕਿ ਸਖ਼ਤ ਮਿਹਨਤ ਅਤੇ ਲਗਨ ਨਾਲ ਚੋਣਾਂ ਵਿੱਚ ਸਾਕਾਰਾਤਮਕ ਨਤੀਜੇ ਸਾਹਮਣੇ ਆਉਣਗੇ। ਇਸ ਮੀਟਿੰਗ ਵਿੱਚ ਮੁੱਖ ਮੰਤਰੀ ਭਗਵੰਤ ਮਾਨ, 'ਆਪ' ਦੇ ਸੀਨੀਅਰ ਆਗੂ ਹਰਚੰਦ ਸਿੰਘ ਬਰਸਟ, ਜਗਰੂਪ ਸਿੰਘ ਸੇਖਵਾਂ ਸਮੇਤ ਜ਼ਿਮਨੀ ਚੋਣ ਦੇ ਉਮੀਦਵਾਰ ਹਾਜ਼ਰ ਸਨ।

ਮੌਜੂਦਾ ਸਿਆਸੀ ਹਾਲਾਤ ਨੂੰ ਲੈਕੇ ਉਨ੍ਹਾਂ ਨੇ ਪੰਜਾਬ ਵਿੱਚ ਗੰਦੀ ਰਾਜਨੀਤੀ ਖੇਡਣ ਲਈ ਭਾਜਪਾ ਦੀ ਆਲੋਚਨਾ ਕੀਤੀ। ਉਨ੍ਹਾਂ 'ਆਪ' ਅਤੇ ਇਸ ਦੇ ਆਗੂਆਂ ਵਿਰੁੱਧ ਕੇਂਦਰ ਸਰਕਾਰ ਦੀਆਂ ਲਗਾਤਾਰ ਸਾਜ਼ਿਸ਼ਾਂ ਨੂੰ ਉਜਾਗਰ ਕੀਤਾ ਅਤੇ ਦਾਅਵਾ ਕੀਤਾ ਕਿ ਭਾਜਪਾ ਆਪ ਦੇ ਵਾਧੇ ਤੋਂ ਨਿਰਾਸ਼ ਹੈ ਅਤੇ ਵੋਟਰਾਂ ਨੂੰ 'ਆਪ' ਦਾ ਸਮਰਥਨ ਨਾ ਕਰਨ ਲਈ ਧਮਕੀਆਂ ਦੇ ਰਹੀ ਹੈ।

ਪਾਠਕ ਨੇ ਭਰੋਸਾ ਦਿਵਾਇਆ ਕਿ ਪਾਰਟੀ ਚਾਰੋਂ ਵਿਧਾਨ ਸਭਾ ਸੀਟਾਂ 'ਤੇ ਜ਼ੋਰਦਾਰ ਢੰਗ ਨਾਲ ਚੋਣ ਲੜੇਗੀ। ਅਸੀਂ ਜਨਤਾ ਦੀ ਸੇਵਾ ਕਰਨ ਲਈ ਵਚਨਬੱਧ ਹਾਂ। ਉਨ੍ਹਾਂ ਵੋਟਰਾਂ ਨੂੰ ਫੁੱਟ ਪਾਊ ਰਾਜਨੀਤੀ ਨੂੰ ਨਕਾਰ ਕੇ ਵਿਕਾਸ ਲਈ ਇਕਜੁੱਟ ਹੋਣ ਦੀ ਅਪੀਲ ਕੀਤੀ।

ਸੰਸਥਾ ਪੀ.ਬੀ. ਹੁਨਰ ਵੱਲੋਂ ਸਰਕਾਰੀ ਕਾਲਜ ਵਿਖੇ ਕਰਵਾਇਆ ਪ੍ਰੌਬਲਮ ਸੋਲਵਿੰਗ ਅਤੇ ਉਧਮਤਾ ਸਬੰਧੀ ਸੈਮੀਨਾਰ

ਸ੍ਰੀ ਆਨੰਦਪੁਰ ਸਾਹਿਬ, 27 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਸੰਸਥਾ ਪੀ.ਬੀ. ਹੁਨਰ ਵੱਲੋਂ ਸਰਕਾਰੀ ਕਾਲਜ ਮਹੈਣ, ਸ੍ਰੀ ਅਨੰਦਪੁਰ ਸਾਹਿਬ ਵਿੱਖੇ ਪ੍ਰੌਬਲਮ ਸੌਲਵਿੰਗ ਅਤੇ ਉਧਮਤਾ ਸਬੰਧੀ ਸੈਮੀਨਾਰ ਕਾਲਜ ਦੇ ਪ੍ਰਸ਼ਾਸਨ ਨਾਲ ਮਿਲ ਕੇ ਸੰਸਥਾ ਦੇ ਮੁੱਖੀ ਕਾਰਜਕਾਰੀ ਸ੍ਰੀ ਵਿਸ਼ਾਲ ਸਿੰਘ (ਰਿਸਰਚ ਐਸੋਸੀਏਟ, 1"4 , ਨਵੀਂ ਦਿੱਲੀ) ਦੁਆਰਾ ਕਰਵਾਇਆ ਗਿਆ। ਇਸ ਸੈਮੀਨਾਰ ਵਿੱਚ ਸ੍ਰੀ ਵਿਸ਼ਾਲ ਸਿੰਘ ਦੁਆਰਾ ਮੁੱਖ ਬੁਲਾਰੇ ਦੀ ਭੂਮਿਕਾ ਨਿਭਾਈ ਗਈ ਅਤੇ ਕਾਲਜ ਦੇ ਵਿਦਿਆਰਥੀਆਂ ਨੂੰ ਪ੍ਰੌਬਲਮ ਸੋਲਵਿੰਗ ਸਕਿੱਲ ਬਾਰੇ ਜਾਣੂ ਕਰਵਾਇਆ ਗਿਆ ਅਤੇ ਦੱਸਿਆ ਗਿਆ ਕਿ ਇਹ ਸਕਿਲ ਉੱਧਮਤਾ ਹੀ ਨਹੀਂ ਸਗੋਂ ਜੀਵਨ ਅਤੇ ਸਮਾਜ ਵਿੱਚ ਵੀ ਬਹੁਤ ਉਪਯੋਗੀ ਹੈ। ਓਹਨਾਂ ਨੇ ਵਿਦਿਆਰਥੀਆਂ ਨੂੰ ਜੀਵਨ ਵਿੱ

ਕੁਸ਼ਲ ਅਤੇ ਪਾਰਦਰਸ਼ੀ ਪ੍ਰਣਾਲੀ ਜ਼ਰੀਏ ਪ੍ਰਸ਼ਾਸਨਿਕ ਸੇਵਾਵਾਂ ਨੂੰ ਬਿਹਤਰ ਬਣਾਉਣ ਵਿੱਚ ਕੌਮੀ ਡਿਜੀਟਲ ਪਲੇਟਫਾਰਮਾਂ ਦੀ ਭੂਮਿਕਾ ਅਹਿਮ: ਪ੍ਰਮੁੱਖ ਸਕੱਤਰ ਨੀਲਕੰਠ

ਐਨ.ਆਈ.ਸੀ. ਵੱਲੋਂ ਪ੍ਰਸ਼ਾਸਨਿਕ ਸੁਧਾਰ ਵਿਭਾਗ ਦੇ ਸਹਿਯੋਗ ਨਾਲ ਕੋਲੈਬਫਾਈਲਜ਼, ਈ-ਟਾਲ ਅਤੇ Gov.in ਸਕਿਉਰ ਇੰਟਰਾਨੈਟ ਵੈੱਬ ਪੋਰਟਲ ਬਾਰੇ ਇੱਕ ਰੋਜ਼ਾ ਵਰਕਸ਼ਾਪ

ਚੰਡੀਗੜ੍ਹ, 27 ਅਕਤੂਬਰ-
-ਕੌਮੀ ਪੱਤ੍ਰਿਕਾ ਬਿਊਰੋ-

ਇਥੇ ਮਗਸੀਪਾ ਵਿਖੇ ਕੋਲੈਬ-ਫਾਈਲਜ਼ ,ਈ-ਟਾਲ ਅਤੇ ਗੋਵ.ਇਨ ਸਕਿਉਰ ਇੰਟਰਾਨੈਟ ਵੈੱਬ ਪੋਰਟਲ ਬਾਰੇ ਕਰਵਾਈ ਗਈ ਇੱਕ ਰੋਜ਼ਾ ਵਰਕਸ਼ਾਪ ਨੂੰ ਸੰਬੋਧਨ ਕਰਦਿਆਂ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਦੇ ਪ੍ਰਮੁੱਖ ਸਕੱਤਰ ਸ੍ਰੀ ਨੀਲਕੰਠ ਐਸ. ਆਵਾੜ੍ਹ ਨੇ ਕਿਹਾ ਕਿ ਕੌਮੀ ਡਿਜੀਟਲ ਪਲੇਟਫਾਰਮ ਕੁਸ਼ਲ, ਪਾਰਦਰਸ਼ੀ ਅਤੇ ਸੁਰੱਖਿਅਤ ਪ੍ਰਣਾਲੀਆਂ ਜ਼ਰੀਏ ਪ੍ਰਸ਼ਾਸਨਿਕ ਸੇਵਾਵਾਂ ਨੂੰ ਬਿਹਤਰ ਬਣਾਉਣ ਦੇ ਨਾਲ ਨਾਲ ਨੀਤੀਆਂ ਅਤੇ ਸੇਵਾਵਾਂ ਨੂੰ ਵਧੇਰੇ ਜਵਾਬਦੇਹ ਬਣਾ ਕੇ ਡਾਟਾ-ਅਧਾਰਤ ਫੈਸਲੇ ਲੈਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ।

ਇਹ ਵਰਕਸ਼ਾਪ ਮਗਸੀਪਾ ਵਿਖੇ ਨੈਸ਼ਨਲ ਇਨਫੋਰਮੈਟਿਕਸ ਸੈਂਟਰ (ਐਨ.ਆਈ.ਸੀ.) ਵੱਲੋਂ ਪ੍ਰਸ਼ਾਸਨਿਕ ਸੁਧਾਰ ਵਿਭਾਗ (ਡੀ.ਜੀ.ਆਰ.) ਪੰਜਾਬ ਦੇ ਸਹਿਯੋਗ ਨਾਲ ਕਰਵਾਈ ਗਈ। ਇਸ ਵਰਕਸ਼ਾਪ ਵਿੱਚ ਪੰਜਾਬ ਸਰਕਾਰ ਦੇ ਵੱਖ-ਵੱਖ ਵਿਭਾਗਾਂ, ਬੋਰਡਾਂ ਅਤੇ ਕਾਰਪੋਰੇਸ਼ਨਾਂ ਦੇ 100 ਤੋਂ ਵੱਧ ਨੁਮਾਇੰਦਿਆਂ ਨੇ ਹਿੱਸਾ ਲਿਆ। ਸ੍ਰੀ ਨੀਲਕੰਠ ਨੇ ਜ਼ੋਰ ਦੇ ਕੇ ਕਿਹਾ ਕਿ ਵਿਭਾਗਾਂ ਦਰਮਿਆਨ ਆਪਸੀ ਸਹਿਯੋਗ ਅਤੇ ਤਾਲਮੇਲ ਜ਼ਰੀਏ ਹੀ ਇਨ੍ਹਾਂ ਪਲੇਟਫਾਰਮਾਂ ਦੀ ਪੂਰੀ ਸਮਰੱਥਾ ਨੂੰ ਅਸਲ ਮਾਇਨਿਆਂ ਵਿੱਚ ਵਰਤਿਆਂ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਪਲੇਟਫਾਰਮਾਂ ਦਾ ਅਸਲ ਫਾਇਦਾ ਉਦੋਂ ਹੀ ਲਿਆ ਜਾ ਸਕਦਾ ਹੈ ਜਦੋਂ ਵੱਖ-ਵੱਖ ਸਰਕਾਰੀ ਸੰਸਥਾਵਾਂ ਆਪਸੀ ਤਾਲਮੇਲ ਰਾਹੀਂ ਕੰਮ ਕਰਨ। ਇਨ੍ਹਾਂ ਪਲੇਟਫਾਰਮਾਂ ਦੀ ਪੂਰੀ ਸਮਰੱਥਾ ਦਾ ਲਾਭ ਲੈਣ ਲਈ ਬਿਹਤਰ ਡਾਟਾ ਏਕੀਕਰਣ, ਅੰਤਰ-ਵਿਭਾਗੀ ਸੰਚਾਰ ਅਤੇ ਬਿਹਤਰ ਅਭਿਆਸਾਂ ਨੂੰ ਸਾਂਝਾ ਕਰਨ ਦੀ ਜ਼ਰੂਰਤ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਡਿਜ਼ੀਟਲ ਪਲੇਟਫਾਰਮਾਂ ਅਤੇ ਡੇਟਾ-ਅਧਾਰਤ ਸ਼ਾਸਨ ਦੀ ਮਹੱਤਤਾ ਬਾਰੇ ਜਾਣਕਾਰੀ ਦੇਣ ਲਈ ਅਧਿਕਾਰੀਆਂ ਵਾਸਤੇ ਸਿਖਲਾਈ ਅਤੇ ਜਾਗਰੂਕਤਾ ਪ੍ਰੋਗਰਾਮ ਕਰਨ ਦੀ ਲੋੜ ਹੈ ਤਾਂ ਜੋ ਅਸਲ ਮਾਇਨਿਆਂ ਵਿੱਚ ਇਨ੍ਹਾਂ ਪਲੇਟਫਾਰਮਾਂ ਦੀ ਸੁਚੱਜੀ ਵਰਤੋਂ ਨੂੰ ਯਕੀਨੀ ਬਣਾਇਆ ਜਾ ਸਕੇ। ਦੱਸਣਯੋਗ ਹੈ ਕਿ ਵੱਡੀ ਪੱਧਰ ਉਤੇ ਡੇਟਾ ਨੂੰ ਸਟੋਰ, ਪ੍ਰੋਸੈਸ ਕਰਨ ਅਤੇ ਵਿਸ਼ਲੇਸ਼ਣ ਕਰਨ ਸਬੰਧੀ ਇਨ੍ਹਾਂ ਪਲੇਟਫਾਰਮਾਂ ਦੀ ਸਮਰੱਥਾ ਸੇਵਾਵਾਂ ਪ੍ਰਦਾਨ ਕਰਨ, ਜਵਾਬਦੇਹੀ ਅਤੇ ਪਾਰਦਰਸ਼ਤਾ ਵਿੱਚ ਸੁਧਾਰ ਕਰ ਸਕਦੀ ਹੈ।

ਉਨ੍ਹਾਂ ਨੇ ਦੇਸ਼ ਭਰ ਵਿੱਚ ਸਰਕਾਰੀ ਸੰਸਥਾਵਾਂ ਨੂੰ ਲੋੜੀਂਦਾ ਡਿਜੀਟਲ ਬੁਨਿਆਦੀ ਢਾਂਚਾ ਅਤੇ ਸੇਵਾਵਾਂ ਪ੍ਰਦਾਨ ਕਰਕੇ ਕੁਸ਼ਲ, ਪਾਰਦਰਸ਼ੀ ਅਤੇ ਸੁਰੱਖਿਅਤ ਸ਼ਾਸਨ ਦੇ ਉਦੇਸ਼ਾਂ ਨੂੰ ਪ੍ਰਾਪਤ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਣ ਲਈ ਐਨ.ਆਈ.ਸੀ. ਦੀ ਸ਼ਲਾਘਾ ਕੀਤੀ।

ਉਨ੍ਹਾਂ ਕਿਹਾ ਕਿ ਸਹਿਯੋਗ ਨੂੰ ਉਤਸ਼ਾਹਿਤ ਕਰਦਿਆਂ ਅਤੇ ਡਿਜੀਟਲ ਬੁਨਿਆਦੀ ਢਾਂਚੇ ਦੀ ਮਜ਼ਬੂਤੀ ਰਾਹੀਂ ਸਰਕਾਰ ਇਹ ਯਕੀਨੀ ਬਣਾ ਰਹੀ ਹੈ ਕਿ ਇਹ ਪਲੇਟਫਾਰਮ ਨਾ ਸਿਰਫ਼ ਕੁਸ਼ਲ ਹਨ, ਸਗੋਂ ਸਾਰੇ ਹਿੱਸੇਦਾਰਾਂ ਲਈ ਇਕ-ਸਮਾਨ ਸਹੂਲਤ ਵਾਲੇ, ਪਾਰਦਰਸ਼ੀ ਅਤੇ ਸੁਰੱਖਿਅਤ ਵੀ ਹਨ।

ਵਧੀਕ ਸਕੱਤਰ ਸਕੂਲ ਸਿੱਖਿਆ ਪਰਮਿੰਦਰ ਪਾਲ ਸਿੰਘ ਸੰਧੂ ਨੇ ਡਿਜੀਟਲ ਪਹਿਲਕਦਮੀਆਂ ਦੀ ਅਗਵਾਈ ਕਰਨ ਲਈ ਐਨ.ਆਈ.ਸੀ.ਪੰਜਾਬ ਦੀ ਸਮੁੱਚੀ ਟੀਮ ਦੇ ਯਤਨਾਂ ਦੀ ਸ਼ਲਾਘਾ ਕੀਤੀ।

ਆਪਣੇ ਸੰਬੋਧਨ ਵਿੱਚ ਐਨ.ਆਈ.ਸੀ. ਪੰਜਾਬ ਦੇ ਡੀ.ਡੀ.ਜੀ ਅਤੇ ਸਟੇਟ ਕੋਆਰਡੀਨੇਟਰ ਆਈ.ਪੀ.ਐਸ. ਸੇਠੀ ਨੇ ਆਈ.ਸੀ.ਟੀ. ਪਹਿਲਕਦਮੀਆਂ ਦੇ ਕੌਮੀ ਦ੍ਰਿਸ਼ਟੀਕੋਣ ਬਾਰੇ ਗੱਲ ਕੀਤੀ ਅਤੇ ਲੋੜੀਂਦੇ ਉਦੇਸ਼ਾਂ ਦੀ ਪ੍ਰਾਪਤੀ ਲਈ ਐਨ.ਆਈ.ਸੀ. ਵੱਲੋਂ ਸੰਪੂਰਨ ਸਹਾਇਤਾ ਅਤੇ ਵਚਨਬੱਧਤਾ ਦਾ ਭਰੋਸਾ ਦਿੱਤਾ। ਵਰਕਸ਼ਾਪ ਵਿੱਚ ਹਿੱਸਾ ਲੈਣ ਵਾਲਿਆਂ ਦਾ ਸੁਆਗਤ ਕਰਦਿਆਂ ਸਟੇਟ ਇਨਫੋਰਮੈਟਿਕਸ ਅਫ਼ਸਰ (ਐਸ.ਆਈ.ਓ.) ਪੰਜਾਬ ਐਨ.ਆਈ.ਸੀ., ਵਿਵੇਕ ਵਰਮਾ ਨੇ ਦੱਸਿਆ ਕਿ ਵਰਕਸ਼ਾਪ ਦਾ ਮੁੱਖ ਉਦੇਸ਼ ਈ-ਕੋਲੈਬ ਫਾਈਲਜ਼, ਈ-ਟਾਲ ਅਤੇ ਗੋਵ.ਇਨ ਸੁਰੱਖਿਅਤ ਇੰਟਰਾਨੈੱਟ ਬਾਰੇ ਜਾਗਰੂਕਤਾ ਪੈਦਾ ਕਰਨਾ ਸੀ ਤਾਂ ਜੋ ਸਰਕਾਰੀ ਵਿਭਾਗਾਂ ਦਰਮਿਆਨ ਸੁਰੱਖਿਅਤ ਸੰਚਾਰ ਅਤੇ ਡੇਟਾ ਹੈਂਡਲਿੰਗ ਨੂੰ ਯਕੀਨੀ ਬਣਾਇਆ ਜਾ ਸਕੇ। ਉਨ੍ਹਾਂ ਨੇ ਐਨ.ਆਈ.ਸੀ. ਪੰਜਾਬ ਦੁਆਰਾ ਮੈਨੇਜ (ਪ੍ਰਬੰਧਿਤ) ਕੀਤੇ ਜਾ ਰਹੇ ਵੱਖ-ਵੱਖ ਪ੍ਰੋਜੈਕਟਾਂ 'ਤੇ ਵੀ ਚਾਨਣਾ ਪਾਇਆ, ਜਿਨ੍ਹਾਂ ਦਾ ਉਦੇਸ਼ ਪ੍ਰਕਿਰਿਆਵਾਂ ਨੂੰ ਸਰਲ, ਵਧੇਰੇ ਪਾਰਦਰਸ਼ੀ ਅਤੇ ਜਵਾਬਦੇਹੀ ਬਣਾਉਣਾ ਹੈ। ਉਨ੍ਹਾਂ ਨੇ ਭਾਗੀਦਾਰਾਂ ਨੂੰ ਇਨ੍ਹਾਂ ਪਹਿਲਕਦਮੀਆਂ ਨੂੰ ਅਪਣਾਉਣ ਵਿੱਚ ਪੂਰਾ ਸਹਿਯੋਗ ਦੇਣ ਦਾ ਭਰੋਸਾ ਦਿੱਤਾ।

ਸੀਨੀਅਰ ਕਾਂਗਰਸੀ ਆਗੂ ਪ੍ਰਤਾਪ ਸਿੰਘ ਬਾਜਵਾ ਅਨਾਜ ਮੰਡੀ ਧੂਰੀ ਦਾ ਕੀਤਾ ਦੌਰਾ

ਧੂਰੀ, 27 ਅਕਤੂਬਰ-
-ਕੌਮੀ ਪੱਤ੍ਰਿਕਾ ਬਿਊਰੋ-

ਸੀਨੀਅਰ ਕਾਂਗਰਸੀ ਆਗੂ ਪ੍ਰਤਾਪ ਸਿੰਘ ਬਾਜਵਾ ਅੱਜ ਧੂਰੀ ਵਿਖੇ ਪਹੁੰਚੇ ਅਤੇ ਧੂਰੀ ਦੀ ਅਨਾਜ ਮੰਡੀ ਵਿਖੇ ਕਿਸਾਨਾਂ ਆਏ ਆੜ੍ਹਤੀਆਂ ਨੂੰ ਆਉਣ ਵਾਲੀਆਂ ਦਰਪੇਸ਼ ਮੁਸ਼ਕਿਲਾਂ ਸੁਣੀਆ ਅਤੇ ਇਸ ਮੌਕੇ ਓਹਨਾ ਨੇ ਮੰਡੀ ਵਿਚ ਲਿਫਟਿੰਗ ਨੂੰ ਲੈ ਕਿਸਾਨ ਵਿਚ ਰੋਸ ਪਾਇਆ ਜਾ ਰਿਹਾ ਹੈ । ਇਸ ਬਾਰੇ ਮੀਡੀਆ ਨਾਲ ਗੱਲਬਾਤ ਕਰਦੇ ਹੋਏ ਕਿਹਾ ਕਿ ਪੰਜਾਬ ਸਰਕਾਰ ਅਤੇ ਸੈਂਟਰ ਦੀ ਸਰਕਾਰ ਨੂੰ ਭੰਡਿਆ ਅਤੇ ਕਿਹਾ ਕਿ ਇਹ ਦੋਨੋ ਸਰਕਾਰਾਂ ਆਪਸ ਵਿਚ ਮਿਲੀਆਂ ਹੋਇਆ ਹਨ ਇਹ ਆੜ੍ਹਤੀਆਂ ਅਤੇ ਸ਼ੈਲਰ ਮਾਲਕਾਂ ਤੋਂ ਬਦਲਾ ਲੈ ਰਹੀਆਂ ਹਨ ਅਤੇ ਕਿਸਾਨਾਂ ਨੂੰ ਪਰੇਸ਼ਾਨ ਕਰ ਰਹੀਆਂ ਹਨ ਅਸੀਂ ਤਾਂ ਇਹ ਕਹਿਣਾ ਚਾਹੁੰਦੇ ਹਨ ਕਿ ਪੰਜਾਬ ਸਰਕਾਰ ਤੇ ਸੈਂਟਰ ਸਰਕਾਰਾਂ ਵੱਲੋਂ ਅਸਤੀਫਾ ਦੇਣਾ ਚਾਹੀਦਾ ਹੈ ਤਾਂ ਕੇ ਪੰਜਾਬ ਦੇ ਲੋਕਾਂ ਦੇ ਕੰਮ ਹੋ ਸਕਣ ਅਤੇ ਪੰਜਾਬ ਦੀ ਆਮ ਜਨਤਾ ਅਤੇ ਕਿਸਾਨ, ਵਪਾਰੀ ਖੱਜਲ ਖ਼ਵਾਰ ਹੋਣ ਤੋਂ ਬਚ ਸਕਣ। ਇਸ ਮੌਕੇ ਤੇ ਤੰਜ ਕੱਸਦੇ ਹੋਏ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਅਰਵਿੰਦ ਕੇਜਰੀਵਾਲ ਨਾਲ ਆਪਣਾ ਜਨਮ ਦਿਨ ਮਨਾਉਣ ਦੇ ਵਿੱਚ ਵਿਅਸਤ ਹਨ। ਉਹਨਾਂ ਨੂੰ ਕਿਸਾਨਾਂ ਦਾ ਦੁੱਖ ਨਹੀਂ ਦਿਖ ਰਿਹਾ ਉਹਨਾਂ ਇਹ ਵੀ ਕਿਹਾ ਗੰਨਾ ਕਿਸਾਨਾਂ ਨੇ ਵੀ ਆਪਣਾ ਦੁੱਖ ਆ ਕੇ ਦੱਸਿਆ ਕਿ ਧੂਰੀ ਦੇ ਵਿੱਚ ਇੱਕ ਕੱਲੀ ਖੰਡ ਮੋਲ ਸੀ ਜਿਸ ਨੂੰ ਮੁੱਖ ਮੰਤਰੀ ਸਾਹਿਬ ਨੇ ਚਲਾਨ ਦੀ ਬਜਾਏ ਸਗੋਂ ਬੰਦ ਕਰਵਾ ਦਿੱਤਾ ਹੈ। ਮੁੱਖ ਮੰਤਰੀ ਆਪਣੇ ਭਾਸ਼ਣਾ ਦੇ ਵਿੱਚ ਇਹ ਕਹਿੰਦੇ ਸਨ ਕਿ ਮੈਂ ਪੰਜਾਬ ਦੇ ਵਿੱਚ ਰੋਜ਼ਗਾਰ ਪੈਦਾ ਕਰਾਂਗਾ ਪਰ ਰੋਜ਼ਗਾਰ ਪੈਦਾ ਤਾਂ ਕੀ ਕਰਨਾ ਸਗੋਂ ਰੋਜ਼ਗਾਰ ਖੋਹੀ ਹ ਜਾ ਰਿਹਾ ਹੈ। ਜਦੋਂ ਉਨ੍ਹਾਂ ਤੋਂ ਗੋਲਡੀ ਬਾਰੇ ਪੁੱਛਿਆ ਗਿਆ ਤਾਂ ਉਨ੍ਹਾਂ ਨੇ ਕਿਹਾ ਕਿ ਉਸਨੂੰ ਪਾਰਟੀ ਨਹੀਂ ਬਦਲਣੀ ਚਾਹੀਦੀ ਸੀ ਇਸ ਨਾਲ ਉਸਦੀ ਸਾਖ ਖਰਾਬ ਹੋ ਗਈ ਹੈ ਅਤੇ ਹੁਣ ਉਸਨੂੰ ਕਦੇ ਵੀ ਪਾਰਟੀ ਆਪਣੇ ਵਿਚ ਨਹੀਂ ਲਵੇਗੀ ਅਤੇ ਜੋਂ ਉਸਨੇ ਕੀਤਾ ਉਸ ਲਈ ਚੰਗਾ ਨਹੀਂ ਸੀ ਬਾਕੀ 2027 ਦੇ ਵਿਚ ਅਸੀਂ ਹੁੰਮ ਹੁੰਮਾਂ ਕੇ ਸੱਤਾ ਦੇ ਵਿਚ ਆਵਾਂਗੇ । ਇਸ ਮੌਕੇ ਸ਼ੁਭਮ ਕੁਮਾਰ ਸ਼ੁਭੀ, ਬਾਰੇ ਬੋਲਦੇ ਹੋਏ ਕਿਹਾ ਕਿ ਜਿੱਥੇ ਇਹੋ ਜਿਹੇ ਕਾਂਗਰਸੀ ਵਰਕਰ ਹੋਣਗੇ ਜੋ ਲੋਕਾਂ ਦੇ ਹਿੱਤ ਦੀ ਗੱਲ ਕਰਨਗੇ ਅੱਜ ਦੋਰਾ ਸ਼ੁਭੀ ਕਾਰਨ ਸੰਭਵ ਹੋ ਸਕਿਆ ਹੈ। ਇਸ ਤੋਂ ਇਲਾਵਾ ਉਹਨਾਂ ਕਿਹਾ ਕਿ ਕਾਂਗਰਸ ਦੇ ਲਈ ਜੋ ਦਿਲੋਂ ਮਿਹਨਤ ਕਰੇਗਾ ਉਸ ਨੂੰ ਹੀ ਪਾਰਟੀ ਵੱਲੋਂ ਅੱਗੇ ਲਿਆਂਦਾ ਜਾਵੇਗਾ। ਇਸ ਮੌਕੇ ਤੇ ਉਹਨਾਂ ਦੇ ਨਾਲ ਸਾਬਕਾ ਐਮਐਲਏ ਸੁਰਿੰਦਰ ਪਾਲ ਸੀਬੀਆ ਵੀ ਮੌਜੂਦ ਸਨ।

ਦਾੜੀ ਰੱਖੋ ਜਾਂ ਪ੍ਰੇਮਿਕਾ, ਇਦੌਰ 'ਚ ਕੁੜੀਆਂ ਨੇ ਰੈਲੀ ਕਰਕੇ ਦਿੱਤੀ ਚਿਤਾਵਨੀ

ਜ਼ੀਰਾ, ਇਦੌਰ 27 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਦੇਸ਼ ਦੇ ਸ਼ਹਿਰ ਇੰਦੌਰ ਵਿੱਚ ਕੁੜੀਆਂ ਨੇ ਇੱਕ ਵਿਲੱਖਣ ਰੈਲੀ ਕਰਕੇ ਮੁੰਡਿਆਂ ਨੂੰ ਇਹ ਚਿਤਾਵਨੀ ਦਿੱਤੀ ਕਿ ਜਾਂ ਦਾੜੀ ਰੱਖ ਲਓ ਜਾਂ ਪ੍ਰੇਮਿਕਾ, ਜਿਸ ਤੋਂ ਲੋਕ ਬੇਹੱਦ ਹੈਰਾਨ ਹਨ । ਰੈਲੀ ਦੌਰਾਨ ਕੁੜੀਆਂ ਦੀ ਹੱਥਾਂ ਵਿੱਚ ਤਖਤੀਆਂ ਫੜ ਕੇ ਕੀਤੀ ਗਈ ਅਜਿਹੀ ਮੰਗ ਦੀ ਵਾਇਰਲ ਹੋ ਰਹੀ ਇਸ ਵੀਡੀਓ ਤੋਂ ਸਿੱਖ ਸਫਾਂ ਵਿੱਚ ਨਿਰਾਸ਼ਾ ਦੀ ਲਹਿਰ ਹੈ। ਤੇਜ਼ੀ ਨਾਲ ਵਾਇਰਲ ਹੋ ਰਹੀ ਇਸ ਵੀਡੀਓ ਵਿੱਚ ਕੁੜੀਆਂ ਹੱਥਾਂ ਵਿੱਚ ਤਖਤੀਆਂ ਫੜ ਕੇ ਅਤੇ ਨਕਲੀ ਦਾੜੀ ਲਗਾ ਕੇ ਜ਼ੋਰਦਾਰ ਨਾਅਰੇਬਾਜ਼ੀ ਕਰਦੀਆਂ ਨਜ਼ਰ ਆ ਰਹੀਆਂ ਹਨ। ਕੁੜੀਆਂ ਦੇ ਹੱਥਾਂ ਵਿੱਚ ਫੜੀਆਂ ਤਖਤੀਆਂ ਤੇ 'ਨੋ ਕਲੀਨ ਸ਼ੇਵ ਨੋ ਲਵ, ਅਤੇ ਦਾੜੀ ਹਟਾਓ ਪਿਆਰ ਬਚਾਓ, ਦਾੜੀ ਰੱਖੋ ਜਾਂ ਪ੍ਰੇਮਿਕਾ ਰੱਖੋ, ਮਰਜ਼ੀ ਤੁਹਾਡੀ ਹੈ ਆਦਿ ਵਰਗੇ ਸ਼ਬਦ ਲਿਖੇ ਹੋਏ ਹਨ।

ਹਾਲਾਂਕਿ ਇਸ ਵੀਡੀਓ ਨੂੰ ਪ੍ਰਮੋਸ਼ਨਲ ਵੀਡੀਓ ਦੇ ਸੱਦੇ ਦਾ ਹਿੱਸਾ ਵੀ ਕਿਹਾ ਜਾ ਰਿਹਾ ਹੈ, ਪਰ ਕੁੜੀਆਂ ਵੱਲੋਂ ਇਸ ਤਰ੍ਹਾਂ ਕਰਨਾ ਚਿੰਤਾਜਨਕ ਮੰਨਿਆ ਜਾ ਰਿਹਾ ਹੈ। ਲੋਕ ਇਹ ਵੀ ਕਹਿ ਰਹੇ ਹਨ ਕਿ ਹੋ ਸਕਦਾ ਹੈ ਕਿ ਇਹ ਵੀਡੀਓ ਕਿਸੇ ਕੰਪਨੀ ਦੇ ਪ੍ਰਚਾਰ ਦਾ ਹਿੱਸਾ ਹੋਵੇ ।

ਪੰਜਾਬ ਸਰਕਾਰ ਵੱਲੋਂ ਨਕਲੀ ਬੀਜਾਂ ਦੀ ਸਮੱਸਿਆ ਨਾਲ ਨਜਿੱਠਣ ਲਈ ਕਿਊ.ਆਰ. ਕੋਡ ਸਿਸਟਮ ਦੀ ਸ਼ੁਰੂਆਤ

ਹੁਣ ਕਿਸਾਨ ਬੀਜਾਂ ਦੇ ਥੈਲਿਆਂ 'ਤੇ ਲੱਗੇ ਕਿਊ.ਆਰ. ਕੋਡ ਟੈਗ ਨੂੰ ਸਕੈਨ ਕਰਕੇ ਬੀਜ ਬਾਰੇ ਮੁਕੰਮਲ ਜਾਣਕਾਰੀ ਹਾਸਲ ਸਕਣਗੇ: ਗੁਰਮੀਤ ਸਿੰਘ ਖੁੱਡੀਆਂ

ਚੰਡੀਗੜ੍ਹ, 27 ਅਕਤੂਬਰ-
-ਕੌਮੀ ਪੱਤ੍ਰਿਕਾ ਬਿਊਰੋ-

ਕਿਸਾਨਾਂ ਨੂੰ ਮਿਆਰੀ ਬੀਜ ਮੁਹੱਈਆ ਕਰਵਾਉਣ ਦੇ ਉਦੇਸ਼ ਨਾਲ ਇੱਕ ਨਵੀਂ ਪਹਿਲਕਦਮੀ ਕਰਦਿਆਂ ਪੰਜਾਬ ਦੇ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਸ. ਗੁਰਮੀਤ ਸਿੰਘ ਖੁੱਡੀਆਂ ਨੇ ਅੱਜ ਇਥੇ ਕਿਊ.ਆਰ. ਕੋਡ ਪ੍ਰਣਾਲੀ ਦੀ ਸ਼ੁਰੂਆਤ ਕੀਤੀ, ਜੋ ਕਿ ਨਕਲੀ ਬੀਜਾਂ ਦੀ ਮਾਰਕੀਟ ਨੂੰ ਖ਼ਤਮ ਕਰਦਿਆਂ ਬੀਜ ਸਪਲਾਈ ਚੇਨ ਦੀ ਇਕਸਾਰਤਾ ਤੇ ਮਿਆਰ ਨੂੰ ਯਕੀਨੀ ਬਣਾਉਣ ਵਿੱਚ ਮਦਦ ਕਰੇਗੀ। ਇਸ ਪਹਿਲਕਦਮੀ ਦੀ ਸ਼ੁਰੂਆਤ ਨਾਲ ਹੁਣ ਸੂਬੇ ਦੇ ਕਿਸਾਨ ਬੀਜਾਂ ਦੀ ਗੁਣਵੱਤਾ, ਸਰੋਤ ਅਤੇ ਪ੍ਰਮਾਣੀਕਰਣ ਬਾਰੇ ਆਸਾਨੀ ਨਾਲ ਜਾਣਕਾਰੀ ਹਾਸਲ ਕਰ ਸਕਣਗੇ।

ਇੱਥੇ ਆਪਣੇ ਦਫ਼ਤਰ ਵਿਖੇ ਕਿਊ.ਆਰ. ਕੋਡ ਪ੍ਰਣਾਲੀ ਦੀ ਸ਼ੁਰੂਆਤ ਕਰਨ ਉਪਰੰਤ ਸ.ਗੁਰਮੀਤ ਸਿੰਘ ਖੁੱਡੀਆਂ ਨੇ ਦੱਸਿਆ ਕਿ ਇਹ ਸਿਸਟਮ ਇੱਕ ਮਜ਼ਬੂਤ ਬੀਜ ਗੁਣਵੱਤਾ ਪ੍ਰਣਾਲੀ ਨੂੰ ਯਕੀਨੀ ਬਣਾਉਂਦਿਆਂ ਬੀਜ ਉਤਪਾਦਨ ਲੜੀ ਵਿੱਚ ਬੀਜਾਂ ਦੇ ਸਰੋਤ ਦਾ ਪਤਾ ਲਗਾਉਣ ਵਿੱਚ ਸਹਾਈ ਹੋਵੇਗਾ। ਉਨ੍ਹਾਂ ਦੱਸਿਆ ਕਿ ਕਿਸਾਨ ਬੀਜ ਖ਼ਰੀਦਣ ਤੋਂ ਪਹਿਲਾਂ ਬੀਜ ਦੇ ਥੈਲਿਆਂ 'ਤੇ ਲੱਗੇ ਕਿਊ.ਆਰ. ਕੋਡ ਟੈਗ ਨੂੰ ਸਕੈਨ ਕਰਕੇ ਉਸ ਬੀਜ ਬਾਰੇ ਸਾਰੀ ਜਾਣਕਾਰੀ ਹਾਸਲ ਕਰ ਸਕਣਗੇ। ਉਨ੍ਹਾਂ ਕਿਹਾ ਕਿ ਕਿਊ.ਆਰ. ਕੋਡ ਨੂੰ ਸਕੈਨ ਕਰਦੇ ਸਾਰ ਬੀਜਾਂ ਦੀ ਪ੍ਰਮਾਣਿਕਤਾ ਦੀ ਪੁਸ਼ਟੀ ਹ�ो ਜਾਵੇਗੀ। ਇਸ ਦੇ ਨਾਲ ਹੀ ਬੀਜ ਉਤਪਾਦਕ ਬਾਰੇ ਮੁਕੰਮਲ ਜਾਣਕਾਰੀ ਤੋਂ ਇਲਾਵਾ ਨਿਰੀਖਣ ਰਿਪੋਰਟਾਂ ਅਤੇ ਲੈਬ ਟੈਸਟਾਂ ਦੇ ਨਤੀਜਿਆਂ ਦੇ ਵੇਰਵੇ ਵੀ ਹੋਣਗੇ।

ਉਨ੍ਹਾਂ ਦੱਸਿਆ ਕਿ ਇਸ ਨਾਲ ਲਾਇਸੰਸਸ਼ੁਦਾ ਡੀਲਰਾਂ ਵੱਲੋਂ ਕਿਸਾਨਾਂ ਨੂੰ ਸਰਟੀਫਾਈਡ ਬੀਜ ਹੀ ਵੇਚੇ ਜਾਣਗੇ, ਜਿਸ ਨਾਲ ਬੀਜਾਂ ਦੀ ਸਪਲਾਈ ਦੇ ਮਿਆਰ ਦੀ ਇਕਸਾਰਤਾ ਯਕੀਨੀ ਬਣੇਗੀ। ਸ. ਖੁੱਡੀਆਂ ਨੇ ਕਿਹਾ ਕਿ ਪੰਜਾਬ ਇੱਕ ਖੇਤੀ ਪ੍ਰਧਾਨ ਸੂਬਾ ਹੈ ਅਤੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਖੇਤੀਬਾੜੀ ਖੇਤਰ ਨੂੰ ਦਰਪੇਸ਼ ਚੁਣੌਤੀਆਂ ਅਤੇ ਮੁਸ਼ਕਿਲਾਂ ਦੇ ਹੱਲ ਲਈ ਲਗਾਤਾਰ ਯਤਨ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਇਹ ਕਿਊ.ਆਰ. ਕੋਡ ਪ੍ਰਣਾਲੀ ਵਿਸ਼ੇਸ਼ ਤੌਰ 'ਤੇ ਬੀਜ ਉਤਪਾਦਨ, ਗੁਣਵੱਤਾ ਵਾਲੇ ਬੀਜ ਦੀ ਪਛਾਣ ਅਤੇ ਬੀਜ ਪ੍ਰਮਾਣੀਕਰਣ ਨਾਲ ਸਬੰਧਤ ਮੁੱਦਿਆਂ ਨਾਲ ਨਜਿੱਠਣ ਲਈ ਤਿਆਰ ਕੀਤੀ ਗਈ ਹੈ। ਖੇਤੀਬਾੜੀ ਵਿਭਾਗ ਦੇ ਵਧੀਕ ਮੁੱਖ ਸਕੱਤਰ ਸ੍ਰੀ ਅਨੁਰਾਗ ਵਰਮਾ ਨੇ ਕੈਬਨਿਟ ਮੰਤਰੀ ਨੂੰ ਦੱਸਿਆ ਕਿ ਸਾਥੀ (ਸੀਡ ਟਰੇਸੇਬਿਲਟੀ, ਅਥੈਂਟੀਕੇਸ਼ਨ ਐਂਡ ਹੌਲਿਸਟਿਕ ਇਨਵੈਂਟਰੀ) ਪੋਰਟਲ ਨੂੰ ਲਾਗੂ ਕਰਨ ਵਾਲੀ ਪੰਜਾਬ ਸਟੇਟ ਸੀਡ ਸਰਟੀਫਿਕੇਸ਼ਨ ਅਥਾਰਟੀ ਦੇਸ਼ ਦੀ ਪਹਿ

ਅਪਰਾਧ, ਕਾਨੂੰਨ ਅਤੇ ਸਜ਼ਾ

ਇਕ ਲੜਕੀ ਦੇ ਕਾਤਲਾਂ ਨੂੰ ਇਸ ਤਰ੍ਹਾਂ ਮਿਲੀ ਸਜ਼ਾ

ਦੁਨੀਆਂ ਦੇ ਖੂਬਸੂਰਤ ਮੰਨੇ ਜਾਣ ਵਾਲੇ ਕੇਂਦਰ ਸ਼ਾਸਿਤ ਆਧੁਨਿਕ ਸ਼ਹਿਰ ਚੰਡੀਗੜ੍ਹ ਦੇ ਸੈਕਟਰ 22 ਵਿਚ ਇਕ ਮੰਨਿਆ-ਪ੍ਰਮੰਨਿਆ ਰੈਸਟੋਰੈਂਟ ਹੈ ਨੁੱਕੜ ਢਾਬਾ। ਇਸ ਰੈਸਟੋਰੈਂਟ ਦਾ ਖਾਣਾ ਇੰਨਾ ਲਜੀਜ਼ ਹੈ ਕਿ ਦੂਰ-ਦੂਰ ਤੋਂ ਲੋਕ ਇੱਥੇ ਖਾਣਾ ਖਾਣ ਆਉਂਦੇ ਹਨ, ਜਿਸ ਕਾਰਨ ਉਥੇ ਹਮੇਸ਼ਾ ਗਾਹਕਾਂ ਦੀ ਭੀੜ ਲੱਗੀ ਰਹਿੰਦੀ ਹੈ।

ਇਸੇ ਰੈਸਟੋਰੈਂਟ ਦੇ ਮਾਲਕ ਜੋਗਿੰਦਰ ਸਿੰਘ ਦੀ 20 ਸਾਲ ਦੀ ਲੜਕੀ ਮਨੀਸ਼ਾ ਸਿੰਘ ਸੈਕਟਰ 34 ਦੇ ਇਕ ਇੰਸਟੀਚਿਊਟ ਤੋਂ ਆਰਕੀਟੈਕਚਰ ਦਾ ਕੋਰਸ ਕਰ ਰਹੀ ਸੀ। ਪੜ੍ਹਨ ਵਿਚ ਉਹ ਠੀਕ-ਠੀਕ ਸੀ, ਇਸ ਕਰਕੇ ਉਹ ਇਕ ਚੰਗੀ ਆਰਕੀਟੈਕਟ ਬਣਨਾ ਚਾਹੁੰਦੀ ਸੀ। 2 ਭਰਾਵਾਂ ਦੀ ਇਕਲੌਤੀ ਭੈਣ ਮਨੀਸ਼ਾ ਕਾਫੀ ਖੂਬਸੂਰਤ ਸੀ। ਪਿਤਾ ਜੋਗਿੰਦਰ ਸਿੰਘ ਨੂੰ ਆਪਣੀ ਇਸ ਇਕਲੌਤੀ ਬੇਟੀ ਨਾਲ ਲਗਾਅ ਤਾਂ ਹੀ ਸੀ, ਨਾਲ ਹੀ ਮਾਣ ਵੀ ਸੀ ਕਿ ਅੱਗੇ ਚੱਲ ਕੇ ਉਹ ਖਾਨਦਾਨ ਦਾ ਨਾਂ ਰੌਸ਼ਨ ਕਰੇਗੀ।

ਪਰ ਇਹ ਸੋਚ ਕੇ ਉਹਨਾਂ ਦਾ ਮਨ ਉਦਾਸ ਵੀ ਹੋ ਜਾਂਦਾ ਸੀ ਕਿ ਬੇਟੀਆਂ ਤਾਂ ਪਰਾਇਆ ਧਨ ਹੁੰਦੀਆਂ ਹਨ, ਪੜ੍ਹਾਈ ਪੂਰੀ ਹੋਣ ਤੋਂ ਬਾਅਦ ਉਹ ਮਨੀਸ਼ਾ ਦਾ ਵਿਆਹ ਕਰ ਦੇਣਗੇ ਤਾਂ ਉਹ ਉਹਨਾਂ ਨੂੰ ਛੱਡ ਕੇ ਆਪਣੇ ਸਹੁਰੇ ਚਲੀ ਜਾਵੇਗੀ।

ਖੈਰ, ਰੋਜ਼ ਵਾਂਗ 18 ਅਕਤੂਬਰ 2014 ਦੀ ਸਵੇਰ ਮਨੀਸ਼ਾ ਇੰਸਟੀਚਿਊਟ ਜਾਣ ਦੇ ਲਈ ਘਰ ਤੋਂ ਨਿਕਲੀ। ਉਸ ਦਿਨ ਸ਼ਨੀਵਾਰ ਸੀ, ਇਸ ਕਰਕੇ ਦੁਪਹਿਰ ਤੱਕ ਉਸਨੂੰ ਘਰ ਵਾਪਸ ਆ ਜਾਣਾ ਸੀ ਪਰ ਉਹ ਸ਼ਾਮ ਤੱਕ ਵੀ ਨਾ ਮੁੜੀ ਤਾਂ ਘਰ ਵਿਚ ਸਾਰਿਆਂ ਨੂੰ ਉਸ ਦੀ ਚਿੰਤਾ ਹੋਈ। ਚਿੰਤਾ ਦਾ ਕਾਰਨ ਇਹ ਸੀ ਕਿ ਉਸ ਦਾ ਮੋਬਾਇਲ ਫੋਨ ਸਵਿੱਚਡ ਆਫ ਦੱਸਿਆ ਜਾ ਰਿਹਾ ਸੀ।

ਜੋਗਿੰਦਰ ਸਿੰਘ ਨੇ ਤੁਰੰਤ ਇਸ ਗੱਲ ਦੀ ਸੂਚਨਾ ਪੁਲਿਸ ਕੰਟਰੋਲ ਰੂਮ ਨੂੰ ਦੇਣ ਦੇ ਨਾਲ ਹੀ ਗੁੰਮਸ਼ੁਦਗੀ ਇਕ ਕਿਡਨੈਪਿੰਗ ਦੇ ਸ਼ੰਕੇ ਸਬੰਧੀ ਇਕ ਲਿਖਤੀ ਸ਼ਿਕਾਇਤ ਸੈਕਟਰ 22 ਦੀ ਪੁਲਿਸ ਚੌਂਕੀ ਜਾ ਕੇ ਦੇ ਦਿੱਤੀ। ਇਹ ਚੌਂਕੀ ਸੈਕਟਰ 17 ਸਥਿਤ ਥਾਣਾ ਸੈਂਟਰਲ ਦੇ ਅਧੀਨ ਆਉਂਦੀ ਸੀ, ਇਸ ਕਰਕੇ ਥਾਣਾ ਸੈਂਟਰਲ ਵਿਚ ਇਸ ਦੀ ਰਿਪੋਰਟ ਦਰਜ ਕਰ ਲਈ ਗਈ।

ਪੁਲਿਸ ਰਾਤ ਭਰ ਮਨੀਸ਼ਾ ਦੀ ਭਾਲ ਕਰਦੀ ਰਹੀ, ਜਦੋਂ ਸਫਲਤਾ ਨਹੀਂ ਮਿਲੀ ਤਾਂ ਪੁਲਿਸ ਨੇ ਅਗਲੇ ਦਿਨ ਉਸ ਦੇ ਮੋਬਾਇਲ ਨੰਬ ਦੀ ਕਾਲ ਡਿਟੇਲ ਕਢਵਾ ਕੇ ਖੰਘਾਲੀ। ਇਸ ਤੋਂ ਪਤਾ ਲੱਗਿਆ ਕਿ ਉਹ ਸ਼ਨੀਵਾਰ ਨੂੰ ਸਵੇਰੇ ਤੋਂ ਹੀ ਰਤ ਦੇ ਸੰਪਰਕ ਵਿਚ ਸੀ। 21 ਸਾਲਾ ਰਜਤ ਬੇਨੀਵਾਲ ਚੰਡੀਗੜ੍ਹ ਦੇ ਸੈਕਟਰ 51ਏ ਵਿਚ ਰਹਿੰਦਾ ਸੀ ਅਤੇ ਪੰਜਾਬ ਯੂਨੀਵਰਸਿਟੀ ਦੇ ਈਵਨਿਗ ਕਾਲਜ ਵਿਚ ਬੀ. ਏ. ਦੂਜੇ ਸਾਲ ਦਾ ਵਿਦਿਆਰਥੀ ਸੀ।

ਸ਼ੰਕਾ ਦੇ ਆਧਾਰ ਤੇ ਪੁਲਿਸ ਨੇ ਰਜਤ ਨੂੰ ਹਿਰਾਤ ਵਿਚ ਲੈ ਕੇ ਰਸਮੀ ਪੁੱਛਗਿੱਛ ਕੀਤੀ ਤਾਂ ਹੀ, ਉਸ ਦੇ ਮੋਬਾਇਲ ਫੋਨ ਦੀ ਲੁਕੇਸ਼ਨ ਵੀ ਕਢਵਾਈ। ਇਸ ਤੋਂ ਪਤਾ ਲੱਗਿਆ ਕਿ ਉਸ ਦੇ ਅਤੇ ਮਨੀਸ਼ਾ ਦੇ ਮੋਬਾਇਲ ਫੋਨ ਦੀ ਲੁਕੇਸ਼ਨ ਇਕੱਠੀ ਸੀ।

ਇਸੇ ਜਾਣਕਾਰੀ ਦੇ ਆਧਾਰ ਤੇ ਪੁਲਿਸ ਨੇ ਰਜਤ ਨੂੰ ਗ੍ਰਿਫਤਾਰ ਕਰਕੇ ਪੁੱਛਗਿੱਛ ਆਰੰਭ ਕਰ ਦਿੱਤੀ। ਪਹਿਲਾਂ ਤਾਂ ਉਹ ਪੁਲਿਸ ਨੂੰ ਵਰਗਲਾਉਣ ਦੀ ਕੋਸ਼ਿਸ਼ ਕਰਦਾ ਰਿਹਾ ਪਰ 2 ਘੰਟੇ ਦੀ ਡੂੰਘੀ ਪੁੱਛਗਿੱਛ ਵਿਚ ਆਖਿਰ ਉਸ ਨੇ ਆਪਣਾ ਅਪਰਾਧ ਸਵੀਕਾਰ ਕਰ ਲਿਆ। ਉਸ ਨੇ ਦੱਸਿਆ ਕਿ ਮਲੀਸ਼ਾ ਨੇ ਕਿਸੇ ਨਸ਼ੀਲੇ ਪਦਾਰਥ ਦਾ ਸੇਵਨ ਕੀਤਾ ਸੀ। ਜਿਸ ਕਾਰਨ ਉਸ ਦੀ ਮੌਤ ਹੋ ਗਈ ਸੀ। ਡ ਦੇ ਕਾਰਨ ਉਸ ਨੇ ਉਸਦੀ ਲਾਸ਼ ਚੰਡੀਗੜ੍ਹ ਤੋਂ 40 ਕਿਲੋਮੀਟਰ ਦੂਰ ਲਿਜਾ ਕੇ ਰਾਜਪੁਰਾ ਰੋਡ ਤੇ ਇਕ ਗੰਦੇ ਨਾਲੇ ਵਿਚ ਸੁੱਟ ਦਿੱਤੀ ਸੀ।

ਪੁਲਿਸ ਨੂੰ ਰਜਤ ਦੇ ਇਸ ਬਿਆਨ ਵਿਚ ਪੂਰੀ ਸਚਾਈ ਨਜ਼ਰ ਨਹੀਂ ਆ ਰਹੀ ਸੀ। ਇਸ ਦੇ ਬਾਵਜੂਦ ਡੀ. ਐਸ. ਪੀ. ਸੈਂਟਰਲ ਡਾ. ਗੁਰਇਕਬਾਲ ਸਿੰਘ ਸਿੱਧੂ ਦੀ ਅਗਵਾਈ ਵਿਚ ਸੈਂਟਰਲ ਥਾਣੇ ਦੇ ਕਾਰਜਕਾਰੀ ਥਾਣਾ ਮੁਖੀ ਇੰਸਪੈਕਟਰ ਜਸਵੀਰ ਸਿੰਘ ਅਤੇ ਸੈਕਟਰ 22 ਚੌਂਕੀ ਮੁਖੀ ਦੇਸ ਰਾਜ ਤੋਂ ਇਲਾਵਾ ਇਕ ਵਿਸ਼ੇਸ਼ ਟੀਮ ਨੂੰ ਲਿਜਾ ਕੇ ਰਾਜਪੁਰਾ ਰੋਡ ਤੇ ਕਸਬਾ ਬਨੂੜ ਤੋਂ ਹੁੰਦੇ ਹੋਏ ਸ਼ੰਭੂ ਬੈਰੀਅਰ ਦੇ ਨੇੜੇ ਸਥਿਤ ਪਿੰਡ ਤੇਪਲਾ ਪਹੁੰਚੀ, ਜਿੱਥੇ ਬਦਬੂਦਾਰ ਗੰਦਾ ਨਾਲਾ ਸੀ।

ਰਜਤ ਦੀ ਨਿਸ਼ਾਨਦੇਹੀ 'ਤੇ ਅੱਧਾ ਘੰਟੇ ਦੀ ਕੋਸ਼ਿਸ਼ ਤੋਂ ਬਾਅਦ ਗੰਦੇ ਨਾਲੇ ਦੇ ਕੋਲੋਂ ਮਨੀਸ਼ਾ ਦੀ ਲਾਸ਼ ਬਰਾਮਦ ਕੀਤੀ ਗਈ। ਲਾਸ਼ ਪੂਰੀ ਤਰ੍ਹਾਂ ਚਿੱਕੜ ਨਾਲ ਭਰੀ ਸੀ। ਪੁਲਿਸ ਨੇ ਮਨੀਸ਼ਾ ਦ ਘਰ ਵਾਲਿਆਂ ਨੂੰ ਫੋਨ ਕਰਕੇ ਉਥੇ ਬੁਲਾ ਕੇ ਲਾਸ਼ ਦੀ ਸ਼ਨਾਖਤ ਕਰਵਾ ਲਈ। ਸ਼ਨਾਖਤ ਹੋਣ ਦੇ ਬਾਅਦ ਪੁਲਿਸ ਨੇ ਲਾਸ਼ ਨੂੰ ਪੋਸਟ ਮਾਰਟਮ ਦੇ ਲਈ ਚੰਡੀਗੜ੍ਹ ਦੇ ਸੈਕਟਰ 16 ਸਥਿਤ ਜਨਰਲ ਹਸਪਤਾਲ ਦੀ ਮੋਰਚਰੀ ਵਿਚ ਭਿਜਵਾ ਦਿੱਤਾ।

ਪੁਲਿਸ ਦਾ ਮੰਨਣਾ ਸੀ ਕਿ ਰਜਤ ਨੇ ਮਨੀਸ਼ਾ ਦੀ ਮੌਤ ਦੀ ਜੋ ਵਜ੍ਹਾ ਦੱਸੀ ਸੀ, ਉਹ ਸਹੀ ਨਹੀਂ ਹੋ ਸਕਦੀ। ਇਸ ਮਾਮਲੇ ਵਿਚ ਇਕੱਲਾ ਰਜਤ ਹੀ ਨਹੀਂ ਸ਼ਾਮਲ ਸੀ, ਬਲਕਿ ਕੁਝ ਹੋਰ ਲੋਕ ਵੀ ਉਸ ਦ ਨਾਲ ਸਨ। ਪੁਲਿਸ ਇਹ ਮੰਨ ਕੇ ਚੱਲ ਰਹੀ ਸੀ ਕਿ ਮਨੀਸ਼ਾ ਦੀ ਮੌਤ ਦਾ ਭੇਦ ਕਾਫੀ ਗਹਿਰਾ ਹੈ।

ਚੰਡੀਗੜ੍ਹ ਮੁੜ ਕੇ ਰਾਤ ਵਿਚ ਇਕ ਵਾਰ ਫਿਰ ਰਜਤ ਤੋਂ ਡੂੰਘੀ ਪੁੱਛਗਿੱਛ ਕੀਤੀ ਗਈ। ਇਸ ਪੁੱਛਗਿੱਛ ਵਿਚ ਉਸ ਨੇ ਹੈਰਾਨ ਕਰਨ ਵਾਲਾ ਖੁਲਾਸਾ ਕੀਤਾ। ਉਸ ਦੇ ਮੁਤਾਬਕ ਇਸ ਵਾਰਦਾਤ ਵਿਚ ਉਸ ਤੋਂ ਇਲਾਵਾ 2 ਹੋਰ ਲੋਕ ਸ਼ਾਮਲ ਸੀ। ਉਹ ਸਨ ਚੰਡੀਗੜ੍ਹ ਦੇ ਸੈਕਟਰ 56 ਦਾ ਰਹਿਣ ਵਾਲਾ ਕਮਲ ਸਿੰਘ ਅਤੇ ਮੋਹਾਲੀ ਦੇ ਫੇਜ਼ 10 ਦਾ ਰਹਿਣ ਵਾਲਾ ਦਿਲਪ੍ਰੀਤ ਸਿੰਘ, 29 ਸਾਲ ਦਾ ਕਮ ਸਿੰਘ ਇਕ ਰੈਸਤਰਾ ਦਾ ਮਾਲਕ ਹੋਣ ਦੇ ਨਾਲ ਨਾਲ ਵਿਆਹਿਆ ਹੀ ਨਹੀਂ, ਇਕ ਬੱਚੇ ਦਾ ਬਾਪ ਵੀ ਸੀ। 22 ਸਾਲ ਦਾ ਦਿਲਪ੍ਰੀਤ ਸਿੰਘ ਇੰਟੀਰੀਅਰ ਡਿਜਾਇਨਿੰਗ ਦਾ ਡਿਪਲੋਮਾ ਕਰ ਰਿਹਾ ਸੀ।

ਪੁਲਿਸ ਨੇ ਉਹਨਾਂ ਦੋਹਾਂ ਨੂੰ ਵੀ ਗ੍ਰਿਫਤਾਰ ਕਰ ਲਿਆ ਸੀ। ਦੋਵਾਂ ਤੋਂ ਹੋਈ ਪੁੱਛਗਿੱਛ ਵਿਚ ਪਤਾ ਲੱਗਿਾ ਕਿ ਦਿਲਪ੍ਰੀਤ ਮ੍ਰਿਤਕਾ ਮਨੀਸ਼ਾ ਦਾ ਬੁਆਏ ਫਰੈਂਡ ਸੀ। ਉਸ ਨੇ ਉਸ ਦੀ ਜਾਣ-ਪਛਾਣ ਆਪਣੇ ਦੋਸਤਾਂ ਰਜਤ ਅਤੇ ਕਮਲ ਨਾਲ ਕਰਵਾਈ ਸੀ। ਪੁਲਿਸ ਨੂੰ ਦਿੱਤੇ ਗਏ ਆਪਣੇ ਬਿਆਨਾਂ ਵਿਚ ਉਹਨਾਂ ਨੇ ਦੱਸਿਆ ਸੀ ਕਿ 18 ਅਕਤੂਬਰ 2014 ਨੂੰ ਚਾਰੇ ਇਕ ਪਾਰਟੀ ਵਿਚ ਗਏ ਸਨ। ਜਿੱਥੇ ਸਭ ਨੇ ਡ੍ਰਗਸ ਲਿਆ ਅਤੇ ਸ਼ਰਾਬ ਵੀ ਪੀਤੀ।

ਸਾਰੇ ਆ ਕੇ ਗੱਡੀ ਵਿਚ ਬੈਠੇ ਸਨ, ਉਦੋਂ ਹੀ ਅਚਾਨਕ ਮਨੀਸ਼ਾ ਦੀ ਮੌਤ ਹੋ ਗਈ। ਇਸ ਤੋਂ ਬਾਅਦ ਉਹ ਉਸ ਦੀ ਲਾਸ਼ ਨੂੰ ਲੈ ਕੇ ਪਹਿਲਾਂ ਪਲਸੌਰਾ ਪਿੰਡ ਗਏ। ਉਥੇ ਉਹਨਾਂ ਨੂੰ ਲਾਸ਼ ਨੂੰ ਠਿਕਾਣੇ ਲਗਾਉਣ ਦਾ ਮੌਕਾ ਨਹੀਂ ਮਿਲਿਆ ਤਾਂ ਉਹ ਲਾਸ਼ ਨੂੰ ਲੈ ਕੇ ਰਾਜਪੁਰਾ ਰੋਡ ਦੇ ਸਥਿਤ ਗੰਦੇ ਨਾਲੇ 'ਤੇ ਪਹੁੰਚੇ ਅਤੇ ਉਥੇ ਲਾਸ਼ ਨੂੰ ਇਕ ਕੱਪੜੇ ਵਿਚ ਲਪੇਟ ਕੇ ਸੁੱਟ ਦਿੱਤਾ।

20 ਅਕਤੂਬਰ 2014 ਨੂੰ ਤਿੰਨੇ ਦੋਸ਼ੀਆਂ ਨੂੰ ਜ਼ਿਲ੍ਹਾ ਅਦਾਲਤ ਵਿਚ ਪੇਸ਼ ਕਰਕੇ ਇਕ ਦਿਨ ਦੇ ਕਸਟਡੀ ਰਿਮਾਂਡ ਮੰਗਵਾਇਆ ਸੀ। ਜਿੰਦਰ ਦੇ ਬਾਰੇ ਇਹਨਾਂ ਨੂੰ ਜ਼ਿਆਦਾ ਜਾਣਕਾਰੀ ਨਾ ਮਿਲੀ। ਹਾਂ ਪੁੱਛਗਿੱਛ ਵਿਚ ਇਹ ਜ਼ਰੂਰ ਪਤਾ ਲੱਗਿਆ ਹੈ ਕਿ ਦੋਸ਼ੀ ਕਮਲ 'ਤੇ ਥਾਣਾ ਸੈਕਟਰ 39 ਵਿਚ ਹੱਤਿਆ ਦਾ ਇਕ ਮੁਕੱਦਮਾ ਦਰਜ ਸੀ, ਜੋ ਅਦਾਲਤ ਵਿਚ ਵਿਚਾਰ ਅਧੀਨ ਹੈ।

ਦੋਸ਼ੀਆਂ ਦਾ ਕਹਿਣਾ ਸੀ ਕਿ ਮਨੀਸ਼ਾ ਵੀ ਕਦੀ ਕਦੀ ਡ੍ਰਗਸ ਲੈਂਦੀ ਸੀ। ਉਸ ਦਿਨ ਵੀ ਉਹਨਾਂ ਚਾਰਾਂ ਨੇ ਨਸ਼ਾ ਦੇ ਲਈ ਇਕੱਠਿਆਂ ਡ੍ਰਗਸ ਲਿਆ ਸੀ। ਉਦੋਂ ਹੀ ਓਵਰਡੋਜ਼ ਦੇ ਕਾਰਨ ਮਨੀਸ਼ਾ ਦੀ ਮੌਤ ਹੋ ਗਈ ਸੀ। ਉਸ ਤੋਂ ਬਾਅਦ ਡਰ ਦੇ ਕਾਰਨ ਉਹਨਾਂ ਨੇ ਉਸ ਦੀ ਲਾਸ਼ 'ਤੇ ਲਿਆ ਗਿਆ। ਉਸ ਦਿਨ ਸੈਕਟਰ 16 ਦੇ ਜੀ. ਐਸ. ਐਸ. ਐਚ. ਹਸਪਤਾਲ ਵਿਚ ਮਨੀਸ਼ਾ ਦੀ ਲਾਸ਼ ਦਾ ਪੋਸਟ ਮਾਰਟਮ ਹੋਇਆ। ਪੋਸਟ ਮਾਰਟਮ ਤੋਂ ਬਾਅਦ ਲਾਸ਼ ਘਰ ਵਾਲਿਆਂ ਦੇ ਹਵਾਲੇ ਕਰ ਦਿੱਤੀ ਗਈ। ਲਾਸ਼ 'ਤੇ ਸੱਟ ਦਾ ਕੋਈ ਨਿਸ਼ਾਨ ਨਹੀਂ ਸੀ। ਉਸ ਵਕਤ ਮੌਤ ਦੇ ਕਾਰਨ ਸਪਸ਼ਟ ਨਹੀਂ ਹੋ ਸਕੇ ਸਨ। ਸੀ. ਐਫ. ਐਸ. ਐਲ. ਜਾਂਚ ਦੇ ਲਈ ਮ੍ਰਿਤਕਾ ਦੇ ਸਰੀਰ ਦੇ ਕੁਝ ਹਿੱਸਿਆਂ ਤੋਂ ਇਲਾਵਾ ਵਿਸਰਾ ਸੁਰੱਖਿਅਤ ਕਰ ਲਿਆ ਗਿਆ ਸੀ।

21 ਅਕਤੂਬਰ ਨੂੰ ਸੈਕਟਰ 25 ਦੇ ਸ਼ਮਸ਼ਾਨ ਘਾਟ ਵਿਚ ਮਨੀਸ਼ਾ ਦੇ ਘਰ ਵਾਲਿਆਂ ਨੇ ਉਸ ਦਾ ਦਾਹ ਸੰਸਕਾਰ ਕਰ ਦਿੱਤਾ। ਉਸ ਵਕਤ ਉਥੇ ਕੁਝ ਪੱਤਰਕਾਰ ਵੀ ਮੌਜੂਦ ਸਨ, ਜਿਹਨਾਂ ਨਾਲ ਮਨੀਸ਼ਾ ਦੇ ਘਰ ਵਾਲਿਆਂ ਨੇ ਕਿਹਾ ਸੀ ਕਿ ਪੁਲਿਸ ਵਾਲੇ ਕੁਝ ਵੀ ਕਹਿਣ ਪਰ ਸਾਫ ਹੈ ਕਿ ਮਲੀਸ਼ਾ ਦੀ ਹੱਤਿਆ ਕੀਤੀ ਗਈ ਹੈ, ਉਹ ਰੰਜਸ਼ ਵਸ ਅਤੇ ਯੋਜਨਾਬੱਧ ਤਰੀਕੇ ਨਾਲ।

ਦੂਜੇ ਪਾਸੇ ਪੁਲਿਸ ਨੇ ਜੋ ਜਾਂਚ ਕੀਤੀ ਸੀ, ਉਸ ਦੇ ਮੁਤਾਬਕ ਰਜਤ, ਕਮਲ ਅਤੇ ਦਿਲਪ੍ਰੀਤ ਡ੍ਰਗਸ ਦ ਆਦੀ ਸਨ। ਮੋਬਾਇਲ ਤੇ ਸੰਦੇਸ਼ ਭੇਜ ਕੇ ਕਿਸੇ ਜਿੰਦਰ ਨਾਂ ਦੇ ਵਿਅਕਤੀ ਨੇ ਉਹਨਾਂ ਤੋਂ ਡ੍ਰਗਸ ਮੰਗਵਾਇਆ ਸੀ। ਜਿੰਦਰ ਦੇ ਬਾਰੇ ਇਹਨਾਂ ਨੂੰ ਜ਼ਿਆਦਾ ਜਾਣਕਾਰੀ ਨਾ ਮਿਲੀ। ਹਾਂ ਪੁੱਛਗਿੱਛ ਵਿਚ ਇਹ ਜ਼ਰੂਰ ਪਤਾ ਲੱਗਿਆ ਹੈ ਕਿ ਦੋਸ਼ੀ ਕਮਲ 'ਤੇ ਥਾਣਾ ਸੈਕਟਰ 39 ਵਿਚ ਹੱਤਿਆ ਦਾ ਇਕ ਮੁਕੱਦਮਾ ਦਰਜ ਸੀ, ਜੋ ਅਦਾਲਤ ਵਿਚ ਵਿਚਾਰ ਅਧੀਨ ਹੈ।

ਦੋਸ਼ੀਆਂ ਦਾ ਕਹਿਣਾ ਸੀ ਕਿ ਮਨੀਸ਼ਾ ਵੀ ਕਦੀ ਕਦੀ ਡ੍ਰਗਸ ਲੈਂਦੀ ਸੀ। ਉਸ ਦਿਨ ਵੀ ਉਹਨਾਂ ਚਾਰਾਂ ਨੇ ਨਸ਼ਾ ਦੇ ਲਈ ਇਕੱਠਿਆਂ ਡ੍ਰਗਸ ਲਿਆ ਸੀ। ਉਦੋਂ ਹੀ ਓਵਰਡੋਜ਼ ਦੇ ਕਾਰਨ ਮਨੀਸ਼ਾ ਦੀ ਮੌਤ ਹੋ ਗਈ ਸੀ। ਉਸ ਤੋਂ ਬਾਅਦ ਡਰ ਦੇ ਕਾਰਨ ਉਹਨਾਂ ਨੇ ਉਸ ਦੀ ਲਾਸ਼ ਨੂੰ ਠਿਕਾਣੇ ਲਗਾਉਣ ਲਈ ਗੰਦੇ ਨਾਲੇ ਵਿਚ ਸੁੱਟ ਦਿੱਤਾ ਸੀ।

ਪੁਲਿਸ ਦੀ ਇਸ ਕਹਾਣੀ ਨਾਲ ਮਨੀਸ਼ਾ ਦੇ ਘਰ ਵਾਲੇ ਬਿਲਕੁਲ ਸਹਿਮਤ ਨਹੀਂ ਸਨ। ਉਹਨਾਂ ਨੇ ਪੱਤਰਕਾਰਾਂ ਦੇ ਜ਼ਰੀਏ ਪੁਲਿਸ ਦੇ ਸਾਹਮਣੇ ਸਵਾਲ ਖੜ੍ਹੇ ਕਰ ਦਿੱਤੇ ਕਿ ਕੀ ਪੁਲਿਸ ਨੇ ਇਸ ਗੱਲ ਦੀ ਜਾਂਚ ਕੀਤੀ ਹੈ ਕਿ ਜਿਸਨੂੰ ਡ੍ਰਗਸ ਦੀ ਓਵਰਡੋਜ਼ ਨਾਲ ਮੌਤ ਮੰਨਿਆ ਜਾ ਰਿਹਾ ਹੈ, ਕਿਤੇ ਉਹ ਡ੍ਰਗਸ ਦੇ ਕੇ ਹੱਤਿਆ ਕਰਨ ਦਾ ਮਾਮਲਾ ਤਾਂ ਨਹੀਂ ਹੈ?

ਨਸ਼ੇਬਾਜਾਂ ਨੇ ਉਸ ਦੀ 2 ਲੱਖ ਦੀ ਜਵੈਲਰੀ ਹਥਿਆਉਣ ਲਈ ਤਾਂ ਉਸ ਦੀ ਹੱਤਿਆ ਨਹੀਂ ਕੀਤੀ, ਜੋ ਉਸ ਨੇ ਉਸ ਦਿਨ ਪਾ ਰੱਖੀ ਸੀ? ਯੋਜਨਾ ਬਣਾ ਕੇ ਮਨੀਸ਼ਾ ਦਾ ਅਗਵਾ ਤਾਂ ਨਹੀਂ ਕੀਤਾ ਗਿਆ? ਕਿਤੇ ਅਜਿਹਾ ਤਾਂ ਨਹੀਂ ਕਿ ਪ੍ਰਭਾਵੀ ਪਰਿਵਾਰਾਂ ਦੇ ਲੜਕਿਆਂ ਦੇ ਪਕੜੇ ਜਾਣ ਨਾਲ ਪੂਰੀ ਕਹਾਣੀ ਬਦਲ ਗਈ ਹੋਵੇ? ਚੰਡੀਗੜ੍ਹ ਵਿਚ ਆਮ ਚਰਚਾ ਸੀ ਕਿ ਉਹ ਡ੍ਰਗਸ ਪੈਡਲਰਸ ਦਾ ਪੂਰਾ ਰੈਕਟ ਸਰਗਰਮ ਹੈ। ਡ੍ਰਗਸ ਓਵਰਡੋਜ਼ ਮਾਮਲਿਆਂ ਵਿਚ ਪਹਿਲਾਂ ਵੀ ਉਥੇ ਕੁਝ ਮੌਤਾਂ ਹੋ ਚੁੱਕੀਆਂ ਸਨ। ਕਿਤੇ ਅਜਿਹਾ ਤਾਂ ਨਹੀਂ ਕਿ ਮਨੀਸ਼ਾ ਨੂੰ ਉਸ ਰੈਕੇਟ ਦੀ ਜਾਣਕਾਰੀ ਹੋ ਗਈ ਸੀ ਅਤੇ ਇਸੇ ਕਾਰਨ ਉਸ ਨੂੰ ਮੌਤ ਦੀ ਨੀਂਦ ਸੁਲਾ ਦਿੱਤਾ ਗਿਆ ਹੋਵੇ? ਲਗਾਤਾਰ ਹੋ ਰਹੀ ਇਸ ਕਿਸਮ ਦੀਆਂ ਮੌਤਾਂ ਤੋਂ ਬਾਅਦ ਵੀ ਪੁਲਿਸ ਨਸ਼ੇ ਦੇ ਸੌਦਾਗਰਾਂ ਦੀ ਪਕੜ ਵਿਚ ਕਿਉਂ ਸਖਤ ਕਾਰਵਾਈ ਨਹੀਂ ਕਰ ਰਹੀ?

ਚੰਡੀਗੜ੍ਹ ਵਿਚ ਇਕ ਪ੍ਰਸਿੱਧ ਸੰਸਥਾ ਹੈ ਫੌਸਵੇਕ (ਫੈਡਰੇਸ਼ਨ ਆਫ ਸੈਕਟਰ ਵੈਲਫੇਅਰ ਐਸੋਸੀਏਸ਼ਨਜ਼)। ਇਸ ਸੰਸਥਾ ਦੇ ਮੈਂਬਰਾਂ ਨੇ ਸਾਫ ਕਿਹਾ ਸੀ ਕਿ ਉਹ ਨਸ਼ੇ ਨਾਲ ਜੁੜੇ ਲੋਕਾਂ ਨੂੰ ਪਕੜ ਕੇ ਪੁਲਿਸ ਦੇ ਕੋਲ ਲਿਜਾਂਦੇ ਹਨ ਅਤੇ ਪੁਲਿਸ ਵਾਲੇ ਅਕਸਰ ਉਹਨਾਂ ਨੂੰ ਚਿਤਾਵਨੀ ਦੇ ਕੇ ਛੱਡ ਦਿੰਦੇ ਹਨ।

ਸ਼ਹਿਰ ਵਿਚ ਪ੍ਰਦਰਸ਼ਨ ਵੀ ਹੋਏ ਅਤੇ ਕੈਂਡਲ ਮਾਰਚ ਵੀ ਕੱਢੇ। ਪਰ ਅਦਾਲਤੀ ਕਾਰਵਾਈ ਆਪਣੇ ਤਰੀਕੇ ਨਾਲ ਚਲਦੀ ਰਹੀ। ਪਰਚਾ ਤਾਂ ਦਰਜ ਹੋ ਗਿਆ ਸੀ ਅਤੇ ਤਾਰੀਖ 24 ਫਰਵਰੀ ਰੱਖਿਆ ਸੀ। ਉਸੇ ਦਿਨ ਚੰਡੀਗੜ੍ਹ ਦੀ ਸਹਾਇਕ ਜ਼ਿਲ੍ਹਾ ਅਤੇ ਸੈਸ਼ਨ ਜੱਜ ਦੀ ਅਦਾਲਤ ਵਿਚ ਕੇਸ ਦੀ ਸੁਣਵਾਈ ਆਰੰਭ ਹੋਈ। ਸੁਣਵਾਈ ਤੋਂ ਪਹਿਲੇ ਦਿਨ ਮ੍ਰਿਤਕਾ ਦੇ ਭਰਾ 25 ਸਾਲਾ ਤ੍ਰਿਸ਼ਮ ਸਿੰਘ ਨੇ ਆਪਣਾ ਬਿਆਨ ਦਰਜ ਕਰਵਾਇਆ ਕਿ ਘਟਨਾ ਵਾਲੇ ਦਿਨ ਸਵੇਰੇ ਕਾਰ ਤੇ ਉਸ ਦੀ ਭੈਣ ਨੂੰ ਲਿਆਉਣ ਦਿਲਪ੍ਰੀਤ ਆਇਆ ਸੀ। ਘਰ ਤੋਂ ਬਾਹਰ ਮਨੀਸ਼ਾ ਨੇ ਕੁਝ ਦੇਰ ਉਸ ਨਾਲ ਗੱਲਬਾਤ ਕੀਤੀ ਅਤੇ ਫਿਰ ਉਹ ਇੰਸਟੀਚਿਊਟ ਜਾਣ ਦੀ ਗੱਲ ਕਹਿ ਕੇ ਗੱਡੀ ਵਿਚ ਬੈਠ ਗਈ। ਕਾਰ ਵਿਚ ਪਹਿਲਾਂ ਹੀ 2 ਹੋਰ ਲੋਕ ਸਵਾਰ ਸਨ।

ਇਸ ਤੋਂ ਬਾਅਦ ਅਦਾਲਤ ਵਿਚ ਮੌਜੂਦ ਤਿੰਨੇ ਦੋਸ਼ੀਆਂ ਦੀ ਉਸ ਨੇ ਪਛਾਣ ਕੀਤੀ ਸੀ। ਇਸ ਦੇ ਬਾਅਦ ਕੇਸ ਦੀ ਤਾਰੀਖ ਪਈ 12 ਮਾਰਚ। ਉਸ ਦਿਨ ਦੋਸ਼ੀ ਦਿਲਪ੍ਰੀਤ ਦੇ ਵਕੀਲ ਤਰਮਿੰਦਰ ਸਿੰਘ ਨੇ ਅਦਾਲਤ ਵਿਚ ਅਰਜ਼ੀ ਦਾਇਰ ਕਰਕੇ ਮਨੀਸ਼ਾ ਦੇ ਫੋਨ ਦੀ ਜਾਂਚ ਕਰਵਾਉਣ ਦੀ ਮੰਗ ਕੀਤੀ, ਜੋ ਸਵੀਕਾਰ ਕਰ ਲਈ ਗਈ।

ਪਰ ਅਗਲੇ ਦਿਨ ਜਦੋਂ ਮਨੀਸ਼ਾ ਦਾ ਮੋਬਾਇਲ ਫੋਨ ਕੋਰਟ ਵਿਚ ਪੇਸ਼ ਕੀਤਾ ਗਿਆ ਤਾਂ ਉਸ ਦਾ ਲੌਕ ਨਹੀਂ

ਖਾਂਸੀ ਹੀ ਨਹੀਂ ਸਗੋਂ ਪੇਟ ਦੀਆਂ ਕਈ ਬੀਮਾਰੀਆਂ ਨੂੰ ਜੜ੍ਹ ਤੋਂ ਖਤਮ ਕਰਦੀ ਹੈ 'ਮੁਲੱਠੀ'

ਮੁਲੱਠੀ ਬਹੁਤ ਹੀ ਗੁਣਕਾਰੀ ਜੜ੍ਹੀ-ਬੂਟੀ ਹੈ। ਇਸ ਦਾ ਉਪਯੋਗ ਨਾ ਸਿਰਫ ਪੇਟ ਦੀਆਂ ਬੀਮਾਰੀਆਂ ਸਗੋਂ ਅਲਸਰ ਲਈ ਵੀ ਫਾਇਦੇਮੰਦ ਹੈ। ਇਸ ਦਾ ਸੁਆਦ ਮਿੱਠਾ ਹੁੰਦਾ ਹੈ। ਅਸਲੀ ਮੁਲੱਠੀ ਅੰਦਰੋਂ ਪੀਲੀ ਅਤੇ ਰੇਸ਼ੇਦਾਰ ਹੁੰਦੀ ਹੈ। ਮੁਲੱਠੀ ਦੀ ਵਰਤੋਂ ਨਾਲ ਕਈ ਤਰ੍ਹਾਂ ਦੀਆਂ ਬੀਮਾਰੀਆਂ ਤੋਂ ਬਚਿਆ ਜਾ ਸਕਦਾ ਹੈ। ਆਓ ਜਾਣਦੇ ਹਾਂ ਮੁਲੱਠੀ ਦੇ ਗੁਣ...

1. ਖੰਘ
ਖਾਂਸੀ ਦੀ ਸਮੱਸਿਆ ਹੋਣ 'ਤੇ ਮੁਲੱਠੀ ਨੂੰ ਕਾਲੀ ਮਿਰਚ ਨਾਲ ਖਾਣ ਨਾਲ ਰੋਸ਼ੇ 'ਚ ਅਰਾਮ ਮਿਲਦਾ ਹੈ, ਜਿਸ ਨਾਲ ਸੁੱਕੀ ਖਾਂਸੀ ਦੇ ਨਾਲ-ਨਾਲ ਗਲੇ ਦੀ ਸੋਜ ਵੀ ਠੀਕ ਹੋ ਜਾਂਦੀ ਹੈ।

2. ਮੂੰਹ ਸੁੱਕਣਾ
ਜੇਕਰ ਤੁਹਾਡਾ ਮੂੰਹ ਵਾਰ-ਵਾਰ ਸੁੱਕਦਾ ਹੈ ਤਾਂ ਥੋੜ੍ਹੀ ਜਿਹੀ ਮੁਲੱਠੀ ਨੂੰ ਮੂੰਹ 'ਚ ਪਾ ਕੇ ਵਾਰ-ਵਾਰ ਚੂਸੋ। ਇਸ 'ਚ 50 ਫੀਸਦੀ ਪਾਣੀ ਹੁੰਦਾ ਹੈ, ਜਿਸ ਨਾਲ ਤੁਹਾਡਾ ਮੂੰਹ ਘੱਟ ਸੁੱਕੇਗਾ।

3. ਗਲੇ ਦੀ ਖਰਾਸ਼
ਮੁਲੱਠੀ ਚੂਸਣ ਨਾਲ ਗਲੇ 'ਚ ਹੋ ਰਹੀ ਖਰਾਸ਼ ਤੋਂ ਵੀ ਰਾਹਤ ਮਿਲਦੀ ਹੈ ਅਤੇ ਜਲਦ ਹੀ ਆਰਾਮ ਮਿਲਦਾ ਹੈ।

4. ਪੇਟ ਦਾ ਇੰਫੈਕਸ਼ਨ
ਮੁਲੱਠੀ ਪੇਟ ਦੇ ਜਖਮ ਠੀਕ ਕਰਦੀ ਹੈ। ਇਸ ਨਾਲ ਪੇਟ ਦੇ ਜਖਮ ਜਲਦੀ ਭਰ ਜਾਂਦੇ ਹਨ। ਪੇਟ ਦੇ ਜਖਮ ਲਈ ਮੁਲੱਠੀ ਦੀ ਜੜ੍ਹ ਦਾ ਚੂਰਣ ਇਸਤੇਮਾਲ ਕਰਨਾ ਚਾਹੀਦਾ ਹੈ।

5. ਬਦਹਜ਼ਮੀ
ਮੁਲੱਠੀ ਦਾ ਪਾਊਡਰ ਬਦਹਜ਼ਮੀ ਲਈ ਬੇਹੱਦ ਲਾਭਦਾਇਕ ਹੈ ਅਤੇ ਪੇਟ ਦੇ ਜਖਮਾਂ ਨੂੰ ਜਲਦੀ ਭਰਦਾ ਹੈ।

6. ਖੂਨ ਦੀ ਉਲਟੀ ਲਈ
ਜੇਕਰ ਤੁਹਾਨੂੰ ਖੂਨ ਦੀ ਉਲਟੀ ਆਉਂਦੀ ਹੈ ਤਾਂ ਦੁੱਧ ਨਾਲ ਮੁਲੱਠੀ ਦਾ ਪਾਊਡਰ ਲੈਣ ਨਾਲ ਬੇਹੱਦ ਫਾਇਦਾ ਮਿਲਦਾ ਹੈ।

7. ਅਲਸਰ
ਅਲਸਰ ਦੀ ਸਮੱਸਿਆ ਨੂੰ ਦੂਰ ਕਰਨ ਲਈ 4 ਗ੍ਰਾਮ ਮੁਲੱਠੀ ਪਾਊਡਰ ਨੂੰ ਦੁੱਧ 'ਚ ਮਿਲਾ ਕੇ ਪੀਓ। ਇਸ ਤੋਂ ਇਲਾਵਾ ਦਿਨ 'ਚ 2-3 ਵਾਰ ਸ਼ਹਿਦ ਨਾਲ ਇਸ ਦੀ ਵਰਤੋਂ ਕਰੋ ਅਲਸਰ ਦੀ ਬੀਮਾਰੀ ਨੂੰ ਦੂਰ ਕਰਦਾ ਹੈ।

8. ਦਿਲ ਦੇ ਰੋਗ
4 ਗ੍ਰਾਮ ਮੁਲੱਠੀ ਨੂੰ ਦੇਸੀ ਘਿਉ ਅਤੇ ਸ਼ਹਿਦ 'ਚ ਮਿਲਾ ਕੇ ਰੋਜ਼ਾਨਾ ਖਾਣ ਨਾਲ ਦਿਲ ਦੇ ਰੋਗ ਅਤੇ ਹਾਰਟ ਅਟੈਕ ਦਾ ਖਤਰਾ ਘੱਟ ਹੋ ਜਾਂਦਾ ਹੈ।

9. ਕੈਂਸਰ
ਰੋਜ਼ਾਨਾ ਮੁਲੱਠੀ ਦੇ ਪਾਊਡਰ ਨੂੰ ਦੁੱਧ ਨਾਲ ਲੈਣ ਨਾਲ ਕੈਂਸਰ ਦਾ ਖਤਰਾ ਵੀ ਘੱਟ ਹੋ ਜਾਂਦਾ ਹੈ। ਇਸ ਤੋਂ ਇਲਾਵਾ ਇਸ ਦੀ ਵਰਤੋਂ ਨਾਲ ਪਾਚਨ ਕਿਰਿਆ ਵੀ ਠੀਕ ਰਹਿੰਦੀ ਹੈ।

10. ਸਰਦੀ-ਜੁਕਾਮ
10 ਗ੍ਰਾਮ ਮੁਲੱਠੀ, 10 ਗ੍ਰਾਮ ਕਾਲੀ ਮਿਰਚ, 5 ਗ੍ਰਾਮ ਲੌਂਗ ਅਤੇ 20 ਗ੍ਰਾਮ ਮਿਸ਼ਰੀ ਨੂੰ ਮਿਲਾ ਕੇ 1 ਚਮਚ ਸ਼ਹਿਦ ਦੇ ਨਾਲ ਇਸ ਨੂੰ ਚੱਟੋ। ਇਸ ਦੀ ਵਰਤੋਂ ਨਾਲ ਕਫ, ਸਰਦੀ-ਖਾਂਸੀ ਅਤੇ ਜੁਕਾਮ ਦੀ ਸਮੱਸਿਆ ਤੋਂ ਛੁਟਕਾਰਾ ਮਿਲਦਾ ਹੈ।

ਸਿਹਤ ਲਈ ਰਾਮਬਾਣ ਹੈ ਪਪੀਤਾ

ਪਪੀਤਾ ਸਿਹਤ ਲਈ ਬਹੁਤ ਫਾਇਦੇਮੰਦ ਹੁੰਦਾ ਹੈ, ਸਵਾਦ ਦੇ ਨਾਲ-ਨਾਲ ਇਹ ਸਾਡੇ ਸਰੀਰ ਲਈ ਰਾਮਬਾਣ ਵੀ ਹੈ। ਜੇਕਰ ਤੁਸੀਂ ਰੋਜ਼ਾਨਾ ਪਪੀਤਾ ਖਾਂਦੇ ਹੋ ਤਾਂ ਇਸ ਨਾਲ ਤੁਹਾਡੇ ਸਰੀਰ 'ਚ ਵਿਟਾਮਿਨ-ਏ ਦੀ ਕਮੀ ਨਹੀਂ ਹੁੰਦੀ, ਨਾਲ ਹੀ ਪਪੀਤੇ 'ਚ ਐਂਜਾਈਮਸ ਅਤੇ ਫਾਈਬਰ ਦੀ ਮਾਤਰਾ ਵੀ ਬਹੁਤ ਹੁੰਦੀ ਹੈ। ਜੇਕਰ ਤੁਸੀਂ ਰੋਜ਼ਾਨਾ ਪਪੀਤਾ ਖਾਂਦੇ ਹੋ ਤਾਂ ਇਸ ਨਾਲ ਤੁਹਾਡੀ ਪਾਚਣ ਸ਼ਕਤੀ ਚੰਗੀ ਰਹਿੰਦੀ ਹੈ। ਪਪੀਤਾ ਨਾ ਸਿਰਫ ਸਾਡੀ ਸਿਹਤ ਲਈ ਸਗੋਂ ਸਕਿਨ ਲਈ ਬਹੁਤ ਚੰਗਾ ਹੁੰਦਾ ਹੈ। ਕੱਚੇ ਪਪੀਤੇ 'ਚ ਕੁਝ ਅਜਿਹੇ ਐਂਜਾਈਮ ਪਾਏ ਜਾਂਦੇ ਹਨ ਜੋ ਸਾਡੇ ਸਰੀਰ 'ਚ ਪਾਏ ਜਾਣ ਵਾਲੇ ਪੋਸ਼ਕ ਤੱਤ ਲਈ ਚੰਗੇ ਹੁੰਦੇ ਹਨ। ਆਯੁਰਵੇਦ 'ਚ ਸਵੇਰੇ ਖਾਲੀ ਪੇਟ ਕੱਚਾ ਪਪੀਤਾ ਖਾਣਾ ਸਿਹਤ ਲਈ ਬਹੁਤ ਹੀ ਫਾਇਦੇਮੰਦ ਦੱਸਿਆ ਗਿਆ ਹੈ। ਉਥੇ ਪੱਕੇ ਹੋਏ ਪਪੀਤੇ 'ਚ ਵਿਟਾਮਿਨ ਤੇ ਖਣਿਜ ਪਦਾਰਥ ਦੇ ਨਾਲ ਹੋਰ ਕਈ ਤਰ੍ਹਾਂ ਦੇ ਪੋਸ਼ਕ ਤੱਤ ਪਾਏ ਜਾਂਦੇ ਹਨ, ਜੋ ਸਾਨੂੰ ਕਈ ਤਰ੍ਹਾਂ ਦੀਆਂ ਬੀਮਾਰੀਆਂ ਤੋਂ ਬਚਾ ਕੇ ਰੱਖਦੇ ਹਨ।

ਮਾਂ ਦੇ ਦੁੱਧ ਲਈ ਫਾਇਦੇਮੰਦ
ਜੋ ਔਰਤਾਂ ਬ੍ਰੈਸਟ ਫੀਡ ਕਰਵਾਉਂਦੀਆਂ ਹਨ ਉਨ੍ਹਾਂ ਲਈ ਪਪੀਤਾ ਬਹੁਤ ਹੀ ਫਾਇਦੇਮੰਦ ਹੁੰਦਾ ਹੈ। ਇਹ ਔਰਤਾਂ 'ਚ ਦੁੱਧ ਉਤਪਾਦਨ ਦੀ ਸਮਰੱਥਾ ਨੂੰ ਵਧਾਉਂਦਾ ਹੈ, ਜਿਸ ਨਾਲ ਬੱਚਿਆਂ 'ਚ ਖੁਰਾਕ ਦੀ ਮਾਤਰਾ ਪੂਰੀ ਹੋ ਜਾਂਦੀ ਹੈ। ਉਥੇ ਗਰਭ ਅਵਸਥਾ ਦੌਰਾਨ ਔਰਤਾਂ ਨੂੰ ਇਸ ਦਾ ਸੇਵਨ ਨਹੀਂ ਕਰਨਾ ਚਾਹੀਦਾ।

ਡਾਇਬਟੀਜ਼ ਦੇ ਮਰੀਜ਼ਾਂ ਲਈ ਚੰਗਾ
ਕੱਚੇ ਪਪੀਤੇ ਦਾ ਜੂਸ ਡਾਇਬਟੀਜ਼ ਦੇ ਮਰੀਜ਼ਾਂ ਲਈ ਬਹੁਤ ਹੀ ਚੰਗਾ ਹੁੰਦਾ ਹੈ, ਜੋ ਸਰੀਰ 'ਚ ਖੂਨ ਦੀ ਮਾਤਰਾ ਨੂੰ ਘੱਟ ਕਰ ਕੇ ਇੰਸੁਲਿਨ ਦੀ ਮਾਤਰਾ ਨੂੰ ਵਧਾਉਂਦਾ ਹੈ।

ਅੱਖਾਂ ਨੂੰ ਰੱਖਦੈ ਸਿਹਤਮੰਦ
ਪਪੀਤੇ 'ਚ ਵਿਟਾਮਿਨ-ਏ ਬਹੁਤ ਮਾਤਰਾ 'ਚ ਪਾਇਆ ਜਾਂਦਾ ਹੈ, ਜੋ ਅੱਖਾਂ ਦੀ ਰੌਸ਼ਨੀ ਨੂੰ ਘੱਟ ਨਹੀਂ ਹੋਣ ਦਿੰਦਾ। ਵੱਧਦੀ ਉਮਰ ਦੇ ਨਾਲ ਅੱਖਾਂ ਦੀ ਰੌਸ਼ਨੀ ਘੱਟ ਹੋਣ ਲੱਗਦੀ ਹੈ, ਅਜਿਹੇ 'ਚ ਪਪੀਤੇ ਨੂੰ ਖੁਰਾਕ 'ਚ ਸ਼ਾਮਿਲ ਕਰਨ ਨਾਲ ਇਸ ਸਮੱਸਿਆ ਨੂੰ ਬਚਿਆ ਜਾ ਸਕਦਾ ਹੈ।

ਕੋਲੈਸਟ੍ਰੋਲ ਘੱਟ ਕਰਨ 'ਚ ਸਹਾਇਕ
ਪਪੀਤੇ 'ਚ ਉੱਚ ਮਾਤਰਾ 'ਚ ਫਾਈਬਰ ਮੌਜੂਦ ਹੁੰਦਾ ਹੈ, ਨਾਲ ਹੀ ਇਹ ਵਿਟਾਮਿਨ-ਸੀ ਤੇ ਐਂਟੀਆਕਸੀਡੈਂਟਸ ਨਾਲ ਵੀ ਭਰਪੂਰ ਹੁੰਦਾ ਹੈ। ਆਪਣੇ ਇਨ੍ਹਾਂ ਗੁਣਾਂ ਕਾਰਣ ਇਹ ਕੋਲੈਸਟ੍ਰੋਲ ਨੂੰ ਕੰਟਰੋਲ ਕਰਨ 'ਚ ਬਹੁਤ ਅਸਰਦਾਰ ਹੈ।

ਹੈਲਦੀ ਸਕਿਨ
ਹੈਲਦੀ ਸਕਿਨ ਲਈ ਅਸੀਂ ਜ਼ਿਆਦਾਤਰ ਰਸਾਇਣਿਕ ਉਤਪਾਦਾਂ ਦਾ ਇਸਤੇਮਾਲ ਕਰਦੇ ਹਨ ਪਰ ਸਕਿਨ ਦੀਆਂ ਇਨ੍ਹਾਂ ਬੀਮਾਰੀਆਂ ਲਈ ਪਪੀਤਾ ਬਹੁਤ ਹੀ ਫਾਇਦੇਮੰਦ ਹੁੰਦਾ ਹੈ। ਜੇਕਰ ਸਕਿਨ ਨਾਲ ਸਬੰਧਤ ਕਿਸੇ ਵੀ ਤਰ੍ਹਾਂ ਦੀ ਇਨਫੈਕਸ਼ਨ ਹੈ ਤਾਂ ਪਪੀਤੇ ਦਾ ਇਸਤੇਮਾਲ ਕਰੋ। ਇਹ ਐਂਟੀਆਕਸੀਡੈਂਟ ਨਾਲ ਭਰਪੂਰ ਹੁੰਦਾ ਹੈ। ਇਸ ਦੀ ਵਰਤੋਂ ਤੁਸੀਂ ਕਿੱਲ, ਪਿਗਮੈਂਟੇਸ, ਸਕਿਨ ਦੀ ਸੋਜ ਨੂੰ ਦੂਰ ਕਰਨ ਲਈ ਕਰ ਸਕਦੇ ਹੋ।।

ਚਿਹਰੇ ਦੇ ਕਾਲੇ ਧੱਬੇ ਤੇ ਛਾਈਆਂ ਨੂੰ ਦੂਰ ਕਰਦੀ ਹੈ 'ਇਮਲੀ', ਇੰਝ ਕਰੋ ਇਸਤੇਮਾਲ

ਇਮਲੀ ਖਾਣ ਦਾ ਹਰ ਕੋਈ ਸ਼ੌਕੀਨ ਹੁੰਦਾ ਹੈ। ਖਾਣ 'ਚ ਖੱਟੀ-ਮਿੱਠੀ ਲੱਗਣ ਵਾਲੀ ਇਮਲੀ ਸਿਹਤ ਨੂੰ ਵੀ ਕਈ ਫਾਇਦੇ ਦਿੰਦੀ ਹੈ। ਇਮਲੀ 'ਚ ਵਿਟਾਮਿਨ-ਸੀ ਪਾਇਆ ਜਾਂਦਾ ਹੈ, ਜੋ ਚਿਹਰੇ ਦੀ ਖੂਬਸੂਰਤੀ ਨੂੰ ਵਧਾਉਂਦਾ ਹੈ। ਦੱਸ ਦੇਈਏ ਕਿ ਚਿਹਰੇ ਦੀ ਦੇਖਭਾਲ ਕਰਨਾ ਵੀ ਕੋਈ ਸੌਖੀ ਗੱਲ ਨਹੀਂ ਹੁੰਦੀ। ਮਿੱਟੀ ਘੱਟੇ ਕਾਰਨ ਚਿਹਰੇ ਨੂੰ ਕਾਲੇ ਦਾਗ ਧੱਬਿਆਂ, ਝੁਰੜੀਆਂ ਅਤੇ ਛਾਈਆਂ ਵਰਗੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਦੇ ਲਈ ਲੋਕ ਕਈ ਤਰ੍ਹਾਂ ਦੀ ਪ੍ਰਾਡੈਕਟਸ ਦੀ ਵੀ ਵਰਤੋਂ ਕਰਦੇ ਹਨ ਪਰ ਨਤੀਜੇ ਨਾਂ ਮਾਤਰ ਹੀ ਨਿਕਲਦੇ ਹਨ। ਇਨ੍ਹਾਂ ਸਮੱਸਿਆਵਾਂ ਤੋਂ ਛੁਟਕਾਰਾ ਪਾਉਣ ਲਈ ਤੁਸੀਂ ਇਮਲੀ ਦੀ ਵਰਤੋਂ ਕਰ ਸਕਦੇ ਹੋ। ਅੱਜ ਅਸੀਂ ਤੁਹਾਨੂੰ ਇਮਲੀ ਨਾਲ ਬਣੇ ਸਕਰੱਬ ਬਾਰੇ ਹੀ ਦੱਸਣ ਜਾ ਰਹੇ ਹਾਂ, ਜਿਸ ਦੀ ਵਰਤੋਂ ਕਰਕੇ ਤੁਸੀਂ ਚਿਹਰੇ ਦੇ ਕਾਲੇ ਧੱਬੇ, ਝੁਰੜੀਆਂ ਅਤੇ ਛਾਈਆਂ ਤੋਂ ਛੁਟਕਾਰਾ ਪਾ ਸਕਦੇ ਹੋ।

ਇਮਲੀ ਦੇ ਸਕਰੱਬ ਲਈ ਇਸ ਸਾਮਾਨ ਦੀ ਕਰੋ ਵਰਤੋਂ
ਇਮਲੀ ਦਾ ਸਕਰੱਬ ਬਣਾਉਣ ਲਈ ਤੁਸੀਂ ਇੱਕ ਚਮਚ ਇਮਲੀ, ਇੱਕ ਕੋਲੀ ਪਾਣੀ ਦੇ ਨਾਲ-ਨਾਲ ਇੱਕ ਚਮਚ ਨਮਕ ਦੀ ਵਰਤੋਂ ਕਰ ਸਕਦੇ ਹੋ।

ਇੰਝ ਬਣਾਓ ਇਮਲੀ ਦਾ ਲੇਪ
ਸਭ ਤੋਂ ਪਹਿਲਾਂ ਇਮਲੀ ਨੂੰ ਗਰਮ ਪਾਣੀ 'ਚ ਥੋੜ੍ਹੀ ਦੇਰ ਤੱਕ ਭਿਓ ਕੇ ਰੱਖੋ। ਕੁਝ ਦੇਰ ਬਾਅਦ ਇਸ ਦਾ ਗੁੱਦਾ ਕੱਢ ਕੇ ਗੁਠਲੀਆਂ ਨੂੰ ਵੱਖਰਾ ਕਰ ਲਵੋ। ਇਸ ਤੋਂ ਇਸ 'ਚ ਥੋੜ੍ਹਾ ਜਿਹਾ ਨਮਕ ਮਿਲਾ ਕੇ ਪੇਸਟ ਬਣਾ ਲਵੋ। ਇਸ ਪੇਸਟ ਨੂੰ ਚਿਹਰੇ 'ਤੇ ਲਗਾਉਣ ਤੋਂ ਬਾਅਦ ਹਲਕੇ ਹੱਥਾਂ ਨਾਲ ਗੋਲ ਆਕਾਰ 'ਚ ਚਿਹਰੇ ਨੂੰ ਰਗੜੋ। ਇੱਕ ਮਿੰਟ ਮਾਲਿਸ਼ ਕਰਨ ਤੋਂ ਬਾਅਦ ਇਸ ਨੂੰ ਸੁੱਕਣ ਤੱਕ ਲਗਾ ਕੇ ਰੱਖੋ। ਜਦੋਂ ਪੂਰੀ ਤਰ੍ਹਾਂ ਸੁੱਕ ਜਾਵੇ ਤਾਂ ਫਿਰ ਬਾਅਦ 'ਚ ਠੰਡੇ ਪਾਣੀ ਨਾਲ ਧੋ ਲਵੋ। ਹਫਤੇ 'ਚ ਇੱਕ ਵਾਰੀ ਅਜਿਹਾ ਜ਼ਰੂਰ ਕਰਨਾ ਚਾਹੀਦਾ ਹੈ। ਅਜਿਹਾ ਕਰਨ ਦੇ ਨਾਲ ਚਿਹਰੇ ਦੇ ਕਾਲੇ ਧੱਬੇ, ਝੁਰੜੀਆਂ ਅਤੇ ਛਾਈਆਂ ਪੂਰੀ ਤਰ੍ਹਾਂ ਨਾਲ ਖਤਮ ਹੋ ਜਾਣਗੀਆਂ ਅਤੇ ਚਿਹਰੇ ਦੀ ਖੂਬਸੂਰਤੀ ਵਧੇਗੀ।

ਹਲਦੀ ਹੋਵੇ ਜਾਂ ਨਿੰਬੂ, ਜਾਣੋ ਕਿਹੜੀ ਚਾਹ ਸਰੀਰ ਦੇ ਕਿਸ ਹਿੱਸੇ ਨੂੰ ਪਹੁੰਚਾਉਂਦੀ ਹੈ ਫਾਇਦਾ

ਕਈ ਲੋਕ ਕਹਿੰਦੇ ਹਨ ਕਿ ਚਾਹ ਪੀਣਾ ਬੁਰੀ ਆਦਤ ਹੈ। ਪਰ ਜ਼ਰੂਰੀ ਨਹੀਂ ਹੈ ਕਿ ਹਰ ਇੱਕ ਚਾਹ ਨੁਕਸਾਨ ਹੀ ਕਰੇ। ਕੁਝ ਇਸ ਤਰ੍ਹਾਂ ਦੀ ਚਾਹ ਹੈ ਜਿਸ ਦੀ ਵਰਤੋਂ ਨਾਲ ਬਹੁਤ ਸਾਰੀਆਂ ਬੀਮਾਰੀਆਂ ਦਾ ਇਲਾਜ ਹੁੰਦਾ ਹੈ। ਪਰ ਇੱਕ ਹੀ ਤਰ੍ਹਾਂ ਦੀ ਚਾਹ ਪੀਣ ਨਾਲ ਕਈ ਲੋਕ ਬੋਰ ਵੀ ਹੋ ਜਾਂਦੇ ਹਨ। ਇਸ ਲਈ ਅਸੀਂ ਤੁਹਾਡੇ ਲਈ ਵੱਖ-ਵੱਖ ਤਰ੍ਹਾਂ ਦੀ ਚਾਹ ਦੀ ਜਾਣਕਾਰੀ ਲਿਆਏ ਹਨ ਜਿਸ ਨਾਲ ਤੁਹਾਨੂੰ ਸਰੀਰਿਕ ਲਾਭ ਵੀ ਪ੍ਰਾਪਤ ਹੋਣਗੇ।

ਹਲਦੀ ਦੀ ਚਾਹ
ਫਾਇਦਾ—ਇਸ ਤਰ੍ਹਾਂ ਦੀ ਚਾਹ ਤੁਹਾਨੂੰ ਮੌਸਮੀ ਇੰਫੈਕਸ਼ਨ ਹੋਣ ਤੋਂ ਬਚਾਉਂਦੀ ਹੈ। ਜੇਕਰ ਤੁਸੀਂ ਇਸ ਦੀ ਵਰਤੋਂ ਹਫਤੇ 'ਚ 1 ਵਾਰ ਵੀ ਕਰੋਗੇ ਤਾਂ ਤੁਹਾਨੂੰ ਫਾਇਦਾ ਨਜ਼ਰ ਆਵੇਗਾ। ਮੌਸਮ ਦੇ ਬਦਲਣ 'ਤੇ ਇਸ ਦੀ ਵਰਤੋਂ ਜ਼ਰੂਰ ਕਰੋ।

ਬਣਾਉਣ ਦਾ ਤਰੀਕਾ-
ਸਮੱਗਰੀ-ਸੁੱਕੀ ਹਲਦੀ, ਨਿੰਬੂ, ਕਾਲੀ ਮਿਰਚ, ਪਾਣੀ, ਸ਼ਹਿਦ ਚੰਗੀ ਤਰ੍ਹਾਂ ਨਾਲ ਇਸ ਸਮੱਗਰੀ ਨੂੰ ਪੇਨ 'ਚ ਮਿਲਾਓ ਅਤੇ ਹੌਲੀ ਅੱਗ 'ਤੇ ਘੁਲਣ ਦਿਓ।

ਪੁਦੀਨੇ ਵਾਲੀ ਚਾਹ
ਫਾਇਦਾ—ਜੇਕਰ ਤੁਸੀਂ ਸਿਰ ਦਰਦ ਤੋਂ ਪ੍ਰੇਸ਼ਾਨ ਰਹਿੰਦੇ ਹੋ ਤਾਂ ਇਹ ਚਾਹ ਸਭ ਤੋਂ ਵਧੀਆ ਹੈ। ਇਸ ਦੀ ਵਰਤੋਂ ਨਾਲ ਮਾਈਗ੍ਰੇਨ 'ਚ ਵੀ ਆਰਾਮ ਮਿਲਦਾ ਹੈ।

ਬਣਾਉਣ ਦਾ ਤਾਰੀਕਾ:
ਸਮੱਗਰੀ-ਪੁਦੀਨਾ ਪੱਤਾ, ਦੁੱਧ, ਪਾਣੀ ਅਤੇ ਚੀਨੀ
ਸਭ ਤੋਂ ਪਹਿਲਾਂ ਪਾਣੀ ਉਬਾਲੋ, ਉਸ 'ਚ ਪੁਦੀਨੇ ਦੇ ਪੱਤੇ ਅਤੇ ਚੀਨੀ ਪਾ ਕੇ ਉਬਾਲ ਆਉਣ ਦੀ ਉਡੀਕ ਕਰੋ। ਇਸ 'ਚ ਦੁੱਧ ਪਾਉਣਾ ਜ਼ਰੂਰੀ ਨਹੀਂ ਹੈ।

ਨਿੰਬੂ ਵਾਲੀ ਚਾਹ
ਫਾਇਦਾ— ਜੇਕਰ ਤੁਹਾਡੇ ਗਲੇ 'ਚ ਖਰਾਸ਼ ਰਹਿੰਦੀ ਹੈ ਤਾਂ ਇਸ ਚਾਹ ਦੀ ਵਰਤੋਂ ਨਾਲ ਤੁਹਾਨੂੰ ਇਸ ਪ੍ਰੇਸ਼ਾਨੀ ਤੋਂ ਛੁੱਟਕਾਰਾ ਮਿਲ ਸਕਦਾ ਹੈ।

ਬਣਾਉਣ ਦਾ ਤਰੀਕਾ:
ਸਮੱਗਰੀ-ਨਿੰਬੂ, ਸ਼ਹਿਦ, ਪਾਣੀ
ਇਹ ਚਾਹ ਤਾਂ ਸਭ ਨੂੰ ਬਣਾਉਣੀ ਆਉਂਦੀ ਹੈ ਸਿਰਫ ਚੀਨੀ ਦੀ ਥਾਂ ਸ਼ਹਿਦ ਮਿਲਾਓ।

ਤੁਲਸੀ ਵਾਲੀ ਚਾਹ
ਫਾਇਦਾ—ਸਰਦੀ-ਖਾਂਸੀ ਤੋਂ ਛੁੱਟਕਾਰਾ

ਬਣਾਉਣ ਦਾ ਤਰੀਕਾ:
ਸਮੱਗਰੀ-ਤੁਲਸੀ, ਪਾਣੀ ਅਤੇ ਸ਼ਹਿਦ
ਪਾਣੀ ਨੂੰ ਉਬਾਲਦੇ ਸਮੇਂ ਤੁਲਸੀ ਪਾਓ।

ਅਦਰਕ ਵਾਲੀ ਚਾਹ
ਫਾਇਦਾ— ਇਸ ਚਾਹ ਦੀ ਵਰਤੋਂ ਕਰਨ ਨਾਲ ਤੁਹਾਨੂੰ ਪੀ.ਐੱਮ.ਐੱਸ. ਦੇ ਸਮੇਂ ਆਰਾਮ ਮਿਲ ਸਕਦਾ ਹੈ।

ਬਣਾਉਣ ਦਾ ਤਰੀਕਾ:
ਸਮੱਗਰੀ—ਅਦਰਕ, ਦੁੱਧ ਅਤੇ ਚੀਨੀ ਅਤੇ ਚਾਹਪੱਤੀ
ਚਾਹਪੱਤੀ ਅਤੇ ਅਦਰਕ ਨੂੰ ਪਾਣੀ 'ਚ ਚੰਗੀ ਤਰ੍ਹਾਂ ਨਾਲ ਉਬਾਲਓ। ਫਿਰ ਉਬਾਲ ਆਉਣ ਤੱਕ ਦੁੱਧ ਅਤੇ ਚੀਨੀ ਮਿਲਾਓ।

ਗਰਮ ਪਾਣੀ ਪੀਣ ਨਾਲ ਦੂਰ ਹੁੰਦੇ ਹਨ ਸਰੀਰ ਦੇ ਕਈ ਰੋਗ

ਅਜਿਹੇ ਬਹੁਤ ਸਾਰੇ ਲੋਕ ਹਨ ਜਿਨ੍ਹਾਂ ਦੇ ਦਿਨ ਦੀ ਸ਼ੁਰੂਆਤ ਇੱਕ ਕੱਪ ਕੌਫੀ ਜਾਂ ਚਾਹ ਨਾਲ ਹੁੰਦੀ ਹੈ। ਇਨ੍ਹਾਂ ਲੋਕਾਂ ਨੂੰ ਇਹ ਵੀ ਪਤਾ ਹੁੰਦਾ ਹੈ ਕਿ ਖਾਲੀ ਪੇਟ ਚਾਹ ਜਾਂ ਕੌਫੀ ਨਾਲ ਬਹੁਤ ਸਾਰਾ ਨੁਕਸਾਨ ਹੋ ਸਕਦਾ ਹੈ। ਪਰ ਹਮੇਸ਼ਾ ਸਵੇਰੇ-ਸਵੇਰੇ ਕੁਝ ਗਰਮ ਪੀਣ ਦੀ ਆਦਤ ਤੋਂ ਆਸਾਨੀ ਨਾਲ ਛੁੱਟਕਾਰਾ ਨਹੀਂ ਮਿਲ ਪਾਉਂਦਾ ਹੈ। ਸਵੇਰੇ ਉੱਠਦੇ ਹੀ ਚਾਹ ਜਾਂ ਕੌਫੀ ਪੀਣ ਨਾਲ ਕਬਜ਼, ਪੇਟ ਦਰਦ, ਗੈਸ, ਕਿੱਲ ਵਰਗੀਆਂ ਸਮੱਸਿਆਵਾਂ ਹੋ ਸਕਦੀਆਂ ਹਨ। ਤਾਂ ਅਜਿਹੇ 'ਚ ਕੀ ਹੈ ਜੋ ਤੁਸੀਂ ਚਾਹ ਜਾਂ ਕੌਫੀ ਦੀ ਥਾਂ ਵੀ ਲੈ ਕੇ ਸਕਦੇ ਹੋ ਅਤੇ ਸਿਹਤਮੰਦ ਵੀ ਸਾਬਿਤ ਹੋਵੋਗੇ। ਤਾਂ ਇਸ ਦਾ ਜਵਾਬ ਹੈ ਗਰਮ ਪਾਣੀ...ਸਿਹਤਮੰਦ ਬਣੇ ਰਹਿਣ ਲਈ ਦਿਨ 'ਚ ਘੱਟੋ ਘੱਟ 8 ਤੋਂ 10 ਗਿਲਾਸ ਪਾਣੀ ਪੀਣਾ ਜ਼ਰੂਰੀ ਹੈ। ਪਰ ਸਵੇਰੇ ਦਾ ਉਹ ਇੱਕ ਗਿਲਾਸ ਗਰਮ ਪਾਣੀ ਹੀ ਤੁਹਾਡੀ ਬਹੁਤ ਮਦਦ ਕਰ ਸਕਦਾ ਹੈ, ਜੀ ਹਾਂ ਰੋਜ਼ ਸਵੇਰੇ ਇੱਕ ਗਿਲਾਸ ਗਰਮ ਪਾਣੀ ਦੇ ਕਈ ਫਾਇਦੇ ਹਨ ਤਾਂ ਇੱਕ ਨਜ਼ਰ ਇਨ੍ਹਾਂ ਫਾਇਦਿਆਂ 'ਤੇ... ਗਰਮ ਪਾਣੀ ਪੀਣ ਨਾਲ ਹੁੰਦੇ ਹਨ ਇਹ ਫਾਇਦੇ...

1. ਜੇਕਰ ਤਸੀਂ ਮੋਟਾਪੇ ਤੋਂ ਪ੍ਰੇਸ਼ਾਨ ਹੋ ਅਤੇ ਇਸ ਨੂੰ ਘੱਟ ਕਰਨਾ ਚਾਹੁੰਦੇ ਹੋ ਤਾਂ ਰੋਜ਼ ਸਵੇਰੇ ਇੱਕ ਗਿਲਾਸ ਗਰਮ ਪਾਣੀ ਤੁਹਾਡੇ ਲਈ ਮਦਦਗਾਰ ਸਾਬਤ ਹੋਵੇਗਾ। ਜੀ, ਹਾਂ ਜਦੋਂ ਤੁਸੀਂ ਇੱਕ ਗਿਲਾਸ ਗਰਮ ਪਾਣੀ ਪੀਂਦੇ ਹੋ ਤਾਂ ਇਸ ਨਾਲ ਸਰੀਰ 'ਚ ਜਮ੍ਹਾ ਚਰਬੀ ਖਤਮ ਹੁੰਦੀ ਹੈ। ਨਤੀਜੇ ਵਜੋਂ ਤੁ

ਹਰਿਆਣਾ ਤੇ ਮਿਜ਼ੋਰਮ ਦੇ ਮੁੱਖ ਮੰਤਰੀਆਂ ਵੱਲੋਂ ਮੋਦੀ ਨਾਲ ਮੁਲਾਕਾਤਾਂ

ਨਵੀਂ ਦਿੱਲੀ, 27 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਸ਼ਨਿੱਚਰਵਾਰ ਨੂੰ ਇਥੇ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਅਤੇ ਮਿਜ਼ੋਰਮ ਦੇ ਮੁੱਖ ਮੰਤਰੀ ਲਾਲ ਦੂਹੋਮਾ ਨੇ ਵੱਖੋ-ਵੱਖਰੇ ਤੌਰ 'ਤੇ ਮੁਲਾਕਾਤਾਂ ਕੀਤੀਆਂ। ਇਹ ਜਾਣਕਾਰੀ ਪ੍ਰਧਾਨ ਮੰਤਰੀ ਦਫ਼ਤਰ ਨੇ ਸੋਸ਼ਲ ਮੀਡੀਆ ਪਲੈਟਫਾਰਮ 'ਐਕਸ' ਉਤੇ ਪਾਈ ਇਕ ਪੋਸਟ ਰਾਹੀਂ ਦਿੱਤੀ ਹੈ।

ਇਸ ਪੋਸਟ ਵਿਚ ਕਿਹਾ ਗਿਆ ਹੈ, ''ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਮੁਲਾਕਾਤ ਕੀਤੀ।'' ਇਸੇ ਤਰ੍ਹਾਂ ਇਕ ਹੋਰ ਪੋਸਟ ਵਿਚ ਕਿਹਾ ਗਿਆ ਹੈ, ''ਮਿਜ਼ੋਰਮ ਦੇ ਮੁੱਖ ਮੰਤਰੀ ਸ੍ਰੀ ਲਾਲ ਦੂਹੋਮਾ ਨੇ ਪ੍ਰਧਾਨ ਮੰਤਰੀ ਨਾਲ ਮੁਲਾਕਾਤ ਕੀਤੀ।''

ਨਵੀਂ ਦਿੱਲੀ ਵਿਚ ਸ਼ਨਿੱਚਰਵਾਰ ਨੂੰ ਪ੍ਰਧਾਨ ਮੰਤਰੀ ਨਾਲ ਮੁਲਾਕਾਤ ਦੌਰਾਨ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ।

ਨਵੀਂ ਦਿੱਲੀ ਵਿਚ ਸ਼ਨਿੱਚਰਵਾਰ ਨੂੰ ਪ੍ਰਧਾਨ ਮੰਤਰੀ ਨਾਲ ਮੁਲਾਕਾਤ ਦੌਰਾਨ ਮਿਜ਼ੋਰਮ ਦੇ ਮੁੱਖ ਮੰਤਰੀ ਲਾਲ ਦੂਹੋਮਾ

ਗ਼ੌਰਤਲਬ ਹੈ ਕਿ ਹਰਿਆਣਾ ਵਿਧਾਨ ਸਭਾ ਦੀਆਂ ਇਸੇ ਮਹੀਨੇ ਹੋਈਆਂ ਚੋਣਾਂ ਵਿਚ ਭਾਜਪਾ ਨੇ ਜਿੱਤ ਦਰਜ ਕੀਤੀ ਹੈ। ਸੂਬੇ ਦੀ 90 ਮੈਂਬਰੀ ਵਿਧਾਨ ਸਭਾ ਵਿਚ ਭਾਰਤੀ ਜਨਤਾ ਪਾਰਟੀ ਨੂੰ 48 ਸੀਟਾਂ ਮਿਲੀਆਂ। ਦੂਜੇ ਪਾਸੇ, ਪਹਿਲਾਂ ਵੀ ਦੋ ਮਿਆਦਾਂ ਦੌਰਾਨ ਸੂਬੇ ਵਿਚ ਭਾਜਪਾ ਦੀ ਹੀ ਸਰਕਾਰ ਹੋਣ ਦੇ ਬਾਵਜੂਦ ਵਿਰੋਧੀ ਪਾਰਟੀ ਕਾਂਗਰਸ ਨੂੰ ਸੱਤਾ ਵਿਰੋਧੀ ਰੁਝਾਨ ਦਾ ਕੋਈ ਫ਼ਾਇਦਾ ਨਹੀਂ ਹੋਇਆ ਅਤੇ ਇਹ 37 ਸੀਟਾਂ ਹੀ ਜਿੱਤ ਸਕੀ।

ਇਜ਼ਰਾਈਲ ਵੱਲੋਂ ਇਰਾਨ 'ਤੇ ਮਿਜ਼ਾਈਲ ਹਮਲਾ; ਸੌ ਮਿਜ਼ਾਈਲਾਂ ਦਾਗੀਆਂ; ਦੋ ਫੌਜੀਆਂ ਦੀ ਮੌਤ

ਤਲ ਅਵੀਵ, 27 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਇਜ਼ਰਾਈਲ ਨੇ ਇਰਾਨ ਦੇ ਹਮਲਿਆਂ ਦਾ ਅੱਜ 25 ਦਿਨਾਂ ਬਾਅਦ ਜਵਾਬ ਦਿੱਤਾ ਹੈ। ਇਜ਼ਰਾਈਲ ਨੇ ਇਰਾਨ ਵੱਲ ਸੌ ਦੇ ਕਰੀਬ ਮਿਜ਼ਾਈਲਾਂ ਦਾਗੀਆਂ ਹਨ। ਇਸ ਹਮਲੇ ਵਿਚ ਦੋ ਫੌਜੀਆਂ ਦੀ ਮੌਤ ਹੋ ਗਈ। ਨਿਊਯਾਰਕ ਟਾਈਮਜ਼ ਦੀ ਰਿਪੋਰਟ ਅਨੁਸਾਰ ਇਜ਼ਰਾਈਲ ਵੱਲੋਂ ਤਿੰਨ ਘੰਟਿਆਂ ਵਿਚ 20 ਟਿਕਾਣਿਆਂ 'ਤੇ ਹਮਲੇ ਕੀਤੇ ਗਏ। ਇਹ ਹਮਲੇ ਸਥਾਨਕ ਸਮੇਂ ਅਨੁਸਾਰ ਦੇਰ ਰਾਤ ਸ਼ੁਰੂ ਹੋਏ ਤੇ ਤੜਕੇ ਤਕ ਜਾਰੀ ਰਹੇ। ਯਰੂਸ਼ਲਮ ਪੋਸਟ ਦੀ ਰਿਪੋਰਟ ਅਨੁਸਾਰ ਇਜ਼ਰਾਈਲ ਨੇ ਇਰਾਨ 'ਤੇ ਸੌ ਤੋਂ ਜ਼ਿਆਦਾ ਫਾਈਟਰ ਜੈਟਾਂ ਨਾਲ ਹਮਲਾ ਕੀਤਾ। ਇਸ ਹਮਲੇ ਤੋਂ ਬਾਅਦ ਇਜ਼ਰਾਈਲ, ਇਰਾਨ ਤੇ ਇਰਾਕ ਨੇ ਆਪਣੇ ਆਪਣੇ ਹਵਾਈ ਅੱਡੇ ਬੰਦ ਕਰ ਦਿੱਤੇ ਹਨ। ਇਸ ਹਮਲੇ ਤੋਂ ਬਾਅਦ ਅਮਰੀਕਾ ਨੇ ਇਜ਼ਰਾਈਲ ਦਾ ਸਮਰਥਨ ਕੀਤਾ ਹੈ।

ਪੰਜਾਬ ਪੁਲਿਸ ਦੇ 2 ਡੀਐੱਸਪੀਜ਼ ਸਮੇਤ 7 ਮੁਲਾਜ਼ਮ ਮੁਅੱਤਲ

ਚੰਡੀਗੜ੍ਹ, 27 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਖਰੜ ਸੀਆਈਏ ਸਟੇਸ਼ਨ 'ਤੇ ਪੰਜਾਬ ਪੁਲੀਸ ਦੀ ਗ੍ਰਿਫ਼ਤ ਦੌਰਾਨ ਗੌਂਗਸਟਰ ਲਾਰੈਂਸ ਬਿਸ਼ਨੋਈ ਦੀ ਟੀਵੀ ਇੰਟਰਵਿਊ ਲਈ ਕਥਿਤ ਸਹੂਲਤ ਦੇਣ ਸਬੰਧੀ ਦੋ ਡੀਐਸਪੀਜ਼ ਸਮੇਤ ਸੱਤ ਪੰਜਾਬ ਪੁਲੇਸ ਮੁਲਾਜ਼ਮਾਂ ਨੂੰ ਮੁਅੱਤਲ ਕਰ ਦਿੱਤਾ ਗਿਆ ਹੈ। ਲਾਰੈਂਸ ਬਿਸ਼ਨੋਈ ਗਾਇਕ ਸਿੱਧੂ ਮੂਸੇਵਾਲਾ ਕਤਲ ਕੇਸ ਵਿੱਚ ਮੁਲਜ਼ਮ ਹੈ ਅਤੇ ਮੁੰਬਈ ਵਿੱਚ ਬਾਬਾ ਸਿੱਦੀਕੀ ਕਤਲ ਕੇਸ ਵਿੱਚ ਸ਼ੱਕੀ ਸਾਜ਼ਿਸ਼ਕਰਤਾ ਵੀ ਹੈ। ਇਸ ਤੋਂ ਇਲਾਵਾ ਕੈਨੇਡਾ ਸਰਕਾਰ ਨੇ ਉਸ 'ਤੇ ਜੂਨ 2023 ਦੇ ਹਰਦੀਪ ਨਿੱਝਰ ਕਤਲ ਕੇਸ ਵਿੱਚ ਭਾਰਤ ਦੇ ਏਜੰਟ ਵਜੋਂ ਸ਼ਾਮਲ ਹੋਣ ਦਾ ਦੋਸ਼ ਲਗਾਇਆ ਹੈ।

ਗ੍ਰਹਿ ਵਿਭਾਗ ਪੰਜਾਬ ਨੇ ਸ਼ੁੱਕਰਵਾਰ ਨੂੰ ਡਿਪਟੀ ਸੁਪਰਡੈਂਟ ਰੈਂਕ ਦੇ ਅਧਿਕਾਰੀਆਂ ਗੁਰਸ਼ੇਰ ਸਿੰਘ ਸੰਧੂ ਅਤੇ ਸਮਰ ਵਨੀਤ ਦੀ ਮੁਅੱਤਲੀ ਦੇ ਹੁਕਮ ਜਾਰੀ ਕੀਤੇ ਹਨ। ਮੁਅੱਤਲ ਕੀਤੇ ਗਏ ਹੋਰ ਮੁਲਾਜ਼ਮਾਂ ਤੇ ਅਧਿਕਾਰੀਆਂ ਵਿੱਚ ਐਸਆਈ ਰੀਨਾ, ਐਸਆਈ ਜਗਤਪਾਲ ਜਾਂਗੂ, ਐਸਆਈ ਸ਼ਗਨਜੀਤ ਸਿੰਘ, ਏਐਸਆਈ ਮੁਖਤਿਆਰ ਸਿੰਘ ਅਤੇ ਹੈੱਡ ਕਾਂਸਟੇਬਲ ਓਮ ਪ੍ਰਕਾਸ਼ ਸ਼ਾਮਲ ਹਨ।

ਜ਼ਿਕਰਯੋਗ ਹੈ ਕਿ ਲਾਰੈਂਸ ਬਿਸ਼ਨੋਈ ਦੇ ਦੋ ਇੰਟਰਵਿਊ ਮਾਰਚ 2023 ਵਿੱਚ ਇੱਕ ਟੀਵੀ ਚੈਨਲ ਵੱਲੋਂ ਪ੍ਰਸਾਰਿਤ ਕੀਤੇ ਗਏ ਸਨ ਜਦੋਂ ਉਹ ਪੰਜਾਬ ਅਤੇ ਰਾਜਸਥਾਨ ਪੁਲੀਸ ਦੀ ਹਿਰਾਸਤ ਵਿੱਚ ਸੀ।

ਐਸ.ਡੀ.ਐਮ ਦੂਧਨਸਾਧਾਂ ਪਰਾਲੀ ਪ੍ਰਬੰਧਨ ਕਰਵਾਉਣ ਲਈ ਐਕਸ਼ਨ 'ਚ, ਵੱਖ ਵੱਖ ਪਿੰਡਾਂ ਦਾ ਕੀਤਾ ਦੌਰਾ

ਪਟਿਆਲਾ, 27 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਉਪ ਮੰਡਲ ਮੈਜਿਸਟਰੇਟ ਦੂਧਨਸਾਧਾਂ ਕ੍ਰਿਪਾਲਵੀਰ ਸਿੰਘ ਨੇ ਅੱਜ ਵੱਖ ਵੱਖ ਪਿੰਡਾਂ ਦਾ ਦੌਰਾ ਕਰਕੇ ਕਿਸਾਨਾਂ ਨੂੰ ਪਰਾਲੀ ਪ੍ਰਬੰਧਨ ਕਰਨ ਲਈ ਇੰਨ ਸੀਟੂ ਤੇ ਐਕਸ ਸੀਟੂ ਤਕਨੀਕਾਂ ਅਪਣਾਉਣ ਦਾ ਸੱਦਾ ਦਿੱਤਾ। ਇਸ ਮੌਕੇ ਉਨ੍ਹਾਂ ਪਿੰਡ ਮੀਰਾਂਪੁਰ ਵਿਖੇ ਸੁਪਰ ਸੀਡਰ ਨਾਲ ਕਣਕ ਦੀ ਬਿਜਾਈ ਕਰ ਰਹੇ ਕਿਸਾਨ ਦੀ ਖੇਤਾਂ ਵਿੱਚ ਜਾ ਕੇ ਹੌਸਲਾ ਅਫ਼ਜ਼ਾਈ ਕੀਤੀ ਅਤੇ ਪਿੰਡ ਮਸੀਂਗਣ ਵਿਖੇ ਖੇਤਾਂ ਵਿੱਚ ਲੱਗੀ ਅੱਗ ਨੂੰ ਮੌਕੇ 'ਤੇ ਜਾ ਕੇ ਬੁਝਵਾਇਆ ਤੇ ਬਿਨਾਂ ਸੁਪਰ ਐਸ.ਐਮ.ਐਸ ਦੇ ਵਾਢੀ ਕਰਨ ਵਾਲੀ ਕੰਬਾਈਨ 'ਤੇ ਕਰਵਾਈ ਕੀਤੀ। ਕ੍ਰਿਪਾਲਵੀਰ ਸਿੰਘ ਨੇ ਦੱਸਿਆ ਕਿ ਸਬ ਡਵੀਜ਼ਨ ਦੂਧਨਸਾਧਾਂ ਅੰਦਰ ਪਰਾਲੀ ਪ੍ਰਬੰਧਨ ਵਿੱਚ ਕਿਸਾਨਾਂ ਦੀ ਸਹਾਇਤਾ ਲਈ ਸਮੁੱਚਾ ਪ੍ਰਸ਼ਾਸਨ ਫ਼ੀਲਡ ਵਿੱਚ ਤਾਇਨਾਤ ਹੈ ਤੇ ਪਿੰਡ ਵਿੱਚ ਨੋਡਲ ਅਫ਼ਸਰਾਂ ਵੱਲੋਂ ਜਿਥੇ ਸੱਥਾਂ ਵਿੱਚ ਜਾ ਕੇ ਕਿਸਾਨਾਂ ਨੂੰ ਪਰਾਲੀ ਨੂੰ ਅੱਗ ਲਗਾਉਣ ਨਾਲ ਹੋਣ ਵਾਲੇ ਨੁਕਸਾਨ ਤੋਂ ਜਾਗਰੂਕ ਕੀਤਾ ਜਾ ਰਿਹਾ ਹੈ, ਉੱਥੇ ਹੀ ਪਰਾਲੀ ਪ੍ਰਬੰਧਨ ਵਿੱਚ ਉਪਯੋਗ ਆਉਣ ਵਾਲੀ ਮਸ਼ੀਨਰੀ ਉਪਲਬੱਧ ਕਰਵਾਉਣ ਲਈ ਕਿਸਾਨਾਂ ਦਾ ਸਬੰਧਤ ਵਿਭਾਗਾਂ ਨਾਲ ਰਾਬਤਾ ਕਰਵਾਇਆ ਜਾ ਰਿਹਾ ਹੈ।

ਉਨ੍ਹਾਂ ਦੱਸਿਆ ਕਿ ਕਿਸਾਨਾਂ ਵੱਲੋਂ ਵੀ ਪਰਾਲੀ ਪ੍ਰਬੰਧਨ ਲਈ ਨਵੀਨਤਮ ਤਕਨੀਕਾਂ ਦਾ ਉਪਯੋਗ ਕੀਤਾ ਜਾ ਰਿਹਾ ਹੈ। ਉਨ੍ਹਾਂ ਪਿੰਡ ਮੀਰਾਂਪੁਰ ਵਿਖੇ ਸੁਪਰ ਸੀਡਰ ਨਾਲ ਬਿਜਾਈ ਕਰ ਰਹੇ ਕਿਸਾਨ ਦੀ ਹੌਸਲਾ ਅਫ਼ਜ਼ਾਈ ਕਰਦਿਆਂ ਕਿਹਾ ਕਿ ਅਜਿਹੇ ਕਿਸਾਨਾਂ ਵੱਲੋਂ ਕੀਤੇ ਜਾ ਰਹੇ ਉਪਰਾਲਿਆਂ ਸਦਕਾ ਹੀ ਪਰਾਲੀ ਨੂੰ ਅੱਗ ਲੱਗਣ ਦੀਆਂ ਘਟਨਾਵਾਂ ਵਿੱਚ ਕਮੀ ਆਈ ਹੈ। ਉਨ੍ਹਾਂ ਹੋਰਨਾਂ ਕਿਸਾਨਾਂ ਨੂੰ ਵੀ ਨਵੀਨਤਮ ਤਕਨੀਕਾਂ ਅਪਣਾਉਂਦੇ ਹੋਏ ਪਰਾਲੀ ਦਾ ਨਿਪਟਾਰਾ ਕਰਨ ਤੇ ਅਗਲੀ ਫ਼ਸਲ ਦੀ ਬਿਜਾਈ ਕਰਨ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਆਉਣ ਵਾਲੀਆਂ ਪੀੜ੍ਹੀਆਂ ਦੇ ਸੁਰੱਖਿਅਤ ਭਵਿੱਖ ਲਈ ਇਹ ਜ਼ਰੂਰੀ ਹੈ ਕਿ ਹੁਣ ਅਸੀਂ ਵਾਤਾਵਰਣ ਪ੍ਰਤੀ ਸੁਚੇਤ ਹੋਈਏ ਤੇ ਵਾਤਾਵਰਣ ਪੱਖੀ ਤਕਨੀਕਾਂ ਦੀ ਵਰਤੋਂ ਕਰਨ ਨੂੰ ਤਰਜੀਹ ਦਈਏ।

ਵਿਰੋਧੀ ਧਿਰ ਦੇ ਆਗੂ ਲਈ ਕਾਂਗਰਸ ਵਿੱਚ ਗੁੱਥਮ-ਗੁੱਥਾ ਚੱਲ ਰਿਹਾ: ਸੈਣੀ

ਹਰਿਆਣਾ ਵਿਚ ਕਾਂਗਰਸ ਵੱਲੋਂ ਵਿਰੋਧੀ ਧਿਰ ਦੇ ਆਗੂ ਦੀ ਚੋਣ ਕਰਨ 'ਚ ਹੋ ਰਹੀ ਦੇਰ 'ਤੇ ਸੈਣੀ ਦਾ ਤਨਜ਼

ਚੰਡੀਗੜ੍ਹ, 27 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਹਰਿਆਣਾ ਵਿਚ ਕਾਂਗਰਸ ਵੱਲੋਂ ਆਪਣੇ ਵਿਧਾਇਕ ਦਲ ਦੇ ਆਗੂ ਜੋ ਸੂਬਾਈ ਵਿਧਾਨ ਸਭਾ ਵਿਚ ਵਿਰੋਧੀ ਧਿਰ ਦਾ ਆਗੂ ਵੀ ਹੋਵੇਗਾ, ਦੀ ਕੀਤੀ ਜਾਣ ਵਾਲੀ ਚੋਣ ਵਿਚ ਹੋ ਰਹੀ ਦੇਰ ਉਤੇ ਸੂਬੇ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਤਨਜ਼ ਕੱਸਦਿਆਂ ਕਿਹਾ ਹੈ ਕਿ ਇਸ ਅਹੁਦੇ ਲਈ ਹਰਿਆਣਾ ਕਾਂਗਰਸ ਵਿਚ ਭਾਰੀ ਖਿੱਚਧੂਹ ਹੋ ਰਹੀ ਹੈ। ਉਨ੍ਹਾਂ ਇਹ ਗੱਲ ਨਵੀਂ ਦਿੱਲੀ ਵਿਚ ਮੀਡੀਆ ਨਾਲ ਗੱਲਬਾਤ ਕਰਦਿਆਂ ਆਖੀ, ਜਿਸ ਦੀ ਵੀਡੀਓ ਖ਼ਬਰ ਏਜੰਸੀ ਏਐੱਨਆਈ ਨੇ ਆਪਣੇ ਐਕਸ ਖ਼ਾਤੇ ਉਤੇ ਨਸ਼ਰ ਕੀਤੀ ਹੈ।

ਇਸ ਮੌਕੇ ਉਨ੍ਹਾਂ ਕਿਹਾ, ''ਇਹ ਭਾਵੇਂ ਕਾਂਗਰਸ ਦਾ ਅੰਦਰੂਨੀ ਮਾਮਲਾ ਹੈ ਕਿ ਵਿਰੋਧੀ ਧਿਰ ਦਾ ਆਗੂ ਕੌਣ ਬਣੇਗਾ, ਪਰ ਹਾਲੇ ਤਾਂ ਪਾਰਟੀ ਅੰਦਰ ਇਸ ਲਈ ਗੁੱਥਮ-ਗੁੱਥਾ ਚੱਲ ਰਿਹਾ ਹੈ, ਕਿ ਕਿਸ ਨੂੰ ਬਣਾਇਆ ਜਾਵੇ ਤੇ ਕਿਸ ਨੂੰ ਨਾ ਬਣਾਇਆ ਜਾਵੇ। ਕੋਈ ਕਿਸੇ ਦਾ ਨਾਂ ਲੈਂਦਾ ਹੈ ਤੇ ਕੋਈ ਕਿਸੇ ਦਾ ਲੈਂਦਾ ਹੈ। ਕਾਂਗਰਸ ਵਿਚ ਪੂਰੀ ਖਿੱਚਧੂਹ ਚੱਲ ਰਹੀ ਹੈ।''

ਮੁੱਖ ਮੰਤਰੀ ਨੇ ਸ਼ਨਿੱਚਰਵਾਰ ਨੂੰ ਨਵੀਂ ਦਿੱਲੀ ਵਿਚ ਪ੍ਰਧਾਨ ਨਰਿੰਦਰ ਮੋਦੀ, ਗ੍ਰਹਿ ਮੰਤਰੀ ਅਮਿਤ ਸ਼ਾਹ ਤੇ ਹੋਰ ਆਗੂਆਂ ਨਾਲ ਮੁਲਾਕਾਤ ਕੀਤੀ।

ਉਨ੍ਹਾਂ ਦੋਸ਼ ਲਾਇਆ ਕਿ ਕਾਂਗਰਸ ਹਮੇਸ਼ਾ 'ਝੂਠ ਫੈਲਾਉਂਦੀ' ਹੈ। ਉਨ੍ਹਾਂ ਕਿਹਾ, ''ਕਾਂਗਰਸ ਕੋਲ ਝੂਠ ਤੋਂ ਸਿਵਾ ਹੋਰ ਕੁਝ ਨਹੀਂ ਹੈ। ਇਹ ਬੋਲਣ ਲਈ ਖੜ੍ਹੇ ਹੁੰਦੇ ਹਨ, ਪਰ ਮੁੱਦੇ ਉਤੇ ਕੋਈ ਗੱਲ ਨਹੀਂ ਕਰਦੇ, ਸਿਰਫ਼ ਝੂਠ ਫੈਲਾਉਣ ਦਾ ਕੰਮ ਕਰਦੇ ਹਨ ਲੋਕਾਂ ਨੂੰ ਗੁੰਮਰਾਹ ਕਰਨ ਦਾ ਕੰਮ ਕਰਦੇ ਹਨ।''

ਵਕੀਲਾਂ ਨੂੰ ਸਿਖਿਆਰਥੀ ਨੌਜਵਾਨ ਵਕੀਲਾਂ ਨੂੰ ਬਣਦੀ ਤਨਖ਼ਾਹ ਦੇਣ ਵੱਲ ਧਿਆਨ ਦੇਣਾ ਚਾਹੀਦੈ: ਸੀਜੇਆਈ ਚੰਦਰਚੂੜ

ਨਵੀਂ ਦਿੱਲੀ, 27 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਭਾਰਤ ਦੇ ਚੀਫ ਜਸਟਿਸ (ਸੀਜੇਆਈ) ਡੀਵਾਈ ਚੰਦਰਚੂੜ ਨੇ ਕਿਹਾ ਹੈ ਕਿ ਵਕੀਲਾਂ ਨੂੰ ਉਨ੍ਹਾਂ ਨੌਜਵਾਨਾਂ ਨੂੰ ਸਹੀ ਤਨਖ਼ਾਹ ਦੇਣੀ ਸਿੱਖਣੀ ਚਾਹੀਦੀ ਹੈ ਜੋ ਸਿੱਖਣ ਲਈ ਆਉਂਦੇ ਹਨ। ਆਲ ਇੰਡੀਆ ਰੇਡੀਓ ਨਾਲ ਇੱਕ ਇੰਟਰਵਿਊ ਵਿੱਚ ਚੰਦਰਚੂੜ ਨੇ ਕਿਹਾ ਕਿ ਕਾਨੂੰਨੀ ਪੇਸ਼ਾ ਇੱਕ ਮੁਸ਼ਕਲ ਪੇਸ਼ਾ ਹੈ ਜਿੱਥੇ ਸ਼ੁਰੂਆਤੀ ਸਾਲਾਂ ਵਿੱਚ ਰੱਖੀ ਗਈ ਨੀਂਹ ਨੌਜਵਾਨ ਵਕੀਲਾਂ ਨੂੰ ਆਪਣੇ ਕਰੀਅਰ ਦੌਰਾਨ ਚੰਗੀ ਸਥਿਤੀ ਵਿੱਚ ਰੱਖਦੀ ਹੈ। ਉਨ੍ਹਾਂ ਕਿਹਾ ਕਿ ਕਿਸੇ ਪੇਸ਼ੇ ਵਿੱਚ ਹਮੇਸ਼ਾ ਉਤਰਾਅ-ਚੜ੍ਹਾਅ ਆਉਂਦੇ ਹਨ। ਸ਼ੁਰੂਆਤੀ ਤੌਰ 'ਤੇ ਕਾਨੂੰਨੀ ਪੇਸ਼ੇ ਵਿੱਚ ਤੁਹਾਡੇ ਪਹਿਲੇ ਮਹੀਨੇ ਦੇ ਅੰਤ ਵਿੱਚ ਤੁਹਾਡੀ ਕਮਾਈ ਬਹੁਤ ਜ਼ਿਆਦਾ ਨਹੀਂ ਹੋ ਸਕਦੀ ਹੈ।

ਮਿਸਾਲ ਵਜੋਂ ਵਕੀਲਾਂ ਨੂੰ ਇਹ ਸਿੱਖਣਾ ਚਾਹੀਦਾ ਹੈ ਕਿ ਉਨ੍ਹਾਂ ਦੇ ਚੈਂਬਰਾਂ ਵਿੱਚ ਦਾਖਲ ਹੋਣ ਵਾਲੇ ਨੌਜਵਾਨ ਵਕੀਲਾਂ ਨੂੰ ਉਚਿਤ ਤਨਖ਼ਾਹ ਅਤੇ ਭੱਤੇ ਕਿਵੇਂ ਦੇਣੇ ਹਨ। ਸੀਜੇਆਈ ਨੇ ਅੱਗੇ ਕਿਹਾ ਕਿ ਨੌਜਵਾਨ ਚੈਂਬਰਾਂ ਵਿੱਚ ਸਿੱਖਣ ਲਈ ਆਉਂਦੇ ਹਨ। ਉਹਨਾਂ ਕੋਲ ਸਾਂਝਾ ਕਰਨ ਲਈ ਬਹੁਤ ਕੁਝ ਹੁੰਦਾ ਹੈ, ਇਸ ਲਈ ਇਹ ਦੋ-ਪੱਖੀ ਪ੍ਰਕਿਰਿਆ ਹੈ, ਜੋ ਸਾਨੂੰ ਨੌਜਵਾਨ ਵਕੀਲਾਂ ਨੂੰ ਪ੍ਰਦਾਨ ਕਰਨੀ ਪੈਂਦੀ ਹੈ।

ਚੰਦਰਚੂੜ ਨੇ ਦਿੱਲੀ ਵਿੱਚ ਆਪਣੇ ਕਾਲਜ ਦੇ ਦਿਨਾਂ ਦੌਰਾਨ ਆਲ ਇੰਡੀਆ ਰੇਡੀਓ ਵਿੱਚ ਪੇਸ਼ਕਾਰ ਵਜੋਂ ਆਪਣੇ ਦੌਰ ਨੂੰ ਵੀ ਯਾਦ ਕੀਤਾ। ਇਸ ਦੌਰਾਨ ਸੀਜੇਆਈ ਨੇ ਦੱਸਿਆ ਕਿ ਉਨ੍ਹਾਂ ਦੀ ਮਾਤਾ ਇੱਕ ਕਲਾਸੀਕਲ ਸੰਗੀਤਕਾਰ ਸੀ ਅਤੇ ਉਸਨੂੰ ਅਕਸਰ ਮੁੰਬਈ ਦੇ ਆਲ ਇੰਡੀਆ ਰੇਡੀਓ ਦੇ ਸਟੂਡੀਓ ਵਿੱਚ ਲੈ ਜਾਂਦੀ ਸੀ। ਬਾਅਦ ਵਿੱਚ 1975 ਵਿੱਚ ਦਿੱਲੀ ਜਾਣ ਤੋਂ ਬਾਅਦ ਉਨ੍ਹਾਂ ਆਕਾਸ਼ਵਾਣੀ ਲਈ ਆਡੀਸ਼ਨ ਦਿੱਤਾ ਅਤੇ ਹਿੰਦੀ ਤੇ ਅੰਗਰੇਜ਼ੀ ਵਿੱਚ ਪ੍ਰੋਗਰਾਮਾਂ ਦੀ ਮੇਜ਼ਬਾਨੀ ਸ਼ੁਰੂ ਕੀਤੀ।

ਬਾਬਾ ਨਾਮਦੇਵ ਜੀ ਦਾ 754ਵਾਂ ਤਿੰਨ ਰੋਜ਼ਾ ਪ੍ਰਕਾਸ਼ ਪੁਰਬ 28 ਨੂੰ

ਬਰਨਾਲਾ, 27 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਬਾਬਾ ਨਾਮਦੇਵ ਜੀ ਦਾ 754 ਵੇਂ ਪ੍ਰਕਾਸ਼ ਦਿਹਾੜਾ ਮਿਤੀ 25/26/27 ਅਕਤੂਬਰ 2024 ਨੂੰ ਬੜੀ ਸ਼ਰਧਾ ਭਾਵਨਾ ਨਾਲ ਗੁਰਦੁਆਰਾ ਬਾਬਾ ਨਾਮਦੇਵ ਜੀ ਬਰਨਾਲਾ ਵਿਖੇ ਮਨਾਇਆ ਜਾ ਰਿਹਾ ਹੈ ਇਸ ਦੀ ਜਾਣਕਾਰੀ ਦਿੰਦਿਆ ਪ੍ਰਧਾਨ ਜੋਗਿੰਦਰ ਸਿੰਘ ਕੈਥ ਅਤੇ ਨਿੱਜੀ ਸਕੱਤਰ ਗੁਰਜੰਟ ਸਿੰਘ ਸੋਨਾ ਕੋਰ ਸਿੰਘ ਉਪਲੀ ਨੇ ਦੱਸਿਆ ਕਿ 27 ਅਕਤੂਬਰ ਨੂੰ ਸਵੇਰੇ 7:30 ਵਜੇ ਵਿਸ਼ਾਲ ਨਗਰ ਕੀਰਤਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਅਤੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਨਗਰ ਕੀਰਤਨ ਆਰੰਭ ਕੀਤਾ ਅਤੇ ਵੱਖ ਵੱਖ ਸਕੂਲਾ ਦੇ ਬੱਚੇ ਬੱਚੀਆ ਨੇ ਭਾਗ ਲਿਆ ਜਿਵੇ ਕਿ ਸਹੀਦ ਬਾਬਾ ਦੀਪ ਸਿੰਘ ਜੀ ਗੁਰਮਤਿ ਵਿਦਿਆਲੀਆ ਬਰਨਾਲਾ ਭਗਤ ਨਾਮਦੇਵ ਪਬਲਿਕ ਸਕੂਲ ਬਾਬਾ ਆਲਾ ਸਿੰਘ ਪਬਲਿਕ ਸਕੂਲ ਸਿਸੂ ਮਾਡਲ ਸਕੂਲ ਸ੍ਰੀ ਸੁਖਮਨੀ ਸਾਹਿਬ ਸੇਵਾ ਸੁਸਾਇਟੀ ਬਰਨਾਲਾ ਨੇ ਜਲ ਅਤੇ ਸਫਾਈ ਦੀ ਸੇਵਾ ਕੀਤੀ ਗਈ ਅਤੇ ਮਿਤੀ 27 ਅਕਤੂਬਰ ਨੂੰ ਸਵੇਰੇ 9 ਵਜੇ ਸ੍ਰੀ ਅਖੰਡ ਪਾਠਾਂ ਦੀ ਲੜੀ ਦੇ ਭੋਗ ਪਾਏ ਜਾਣਗੇ ਉਪਰੰਤ ਕੀਰਤਨ ਅਤੇ ਕਥਾ ਵਾਚਕ ਭਾਈ ਬੇਅੰਤ ਸਿੰਘ ਤਖਤ ਸ੍ਰੀ ਦਮਦਮਾ ਸਾਹਿਬ ਸਾਬੋ ਤਲਵੰਡੀ ਭਾਈ ਮਨਜੀਤ ਸਿੰਘ ਬੁਹਾਟਰੀ ਕਵੀਸਰੀ ਜਥਾ ਦੀਵਾਨ ਸਜਾਏ ਜਾਣਗੇ , ਜਿਸ ਵਿੱਚ ਭਾਈ ਇੰਦਰਪਾਲ ਸਿੰਘ ਹਜੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅੰਮ੍ਰ

ਹੈਲੋ... ਅਸੀਂ ਡੀ.ਸੀ. ਦਫ਼ਤਰ ਚੋਂ ਬੋਲ ਰਹੇ ਹਾਂ, ਕੀ ਤੁਹਾਨੂੰ ਪਰਾਲੀ ਸਾਂਭਣ ਲਈ ਮਸ਼ੀਨਰੀ ਦੀ ਲੋੜ ਹੈ ?

ਕਿਸਾਨ ਪਰਾਲੀ ਪ੍ਰਬੰਧਨ ਦੀ ਮਸ਼ੀਨਰੀ ਦੀ ਬੁਕਿੰਗ ਲਈ 'ਉੱਨਤ ਕਿਸਾਨ' ਐਪ ਦੀ ਵਰਤੋਂ ਕਰਨ : ਡਿਪਟੀ ਕਮਿਸ਼ਨਰ

ਪਟਿਆਲਾ, 27 ਅਕਤੂਬਰ
-ਅਮਰਜੀਤ ਸਿੰਘ ਲਾਂਬਾ-
-ਕੌਮੀ ਪੱਤ੍ਰਿਕਾ ਬਿਊਰੋ-

ਹੈਲੋ ਅਸੀਂ ਡੀ.ਸੀ. ਦਫ਼ਤਰ ਪਟਿਆਲਾ ਤੋਂ ਬੋਲ ਰਹੇ ਹਾਂ, ਕੀ ਤੁਹਾਨੂੰ ਪਰਾਲੀ ਪ੍ਰਬੰਧਨ ਲਈ ਮਸ਼ੀਨਰੀ ਦੀ ਲੋੜ ਹੈ? ਇਹ ਸ਼ਬਦ ਪਟਿਆਲਾ ਜ਼ਿਲ੍ਹੇ ਦੇ 63 ਹਜ਼ਾਰ ਕਿਸਾਨਾਂ ਨੂੰ ਸੁਣਨ ਨੂੰ ਮਿਲ ਰਹੇ ਹਨ, ਜਿਨ੍ਹਾਂ ਵੱਲੋਂ ਝੋਨੇ ਦੀ ਵਾਢੀ ਕਰ ਲਈ ਹੈ ਜਾਂ ਕਿਸਾਨ ਆਉਂਦੇ ਦਿਨਾਂ ਅੰਦਰ ਵਾਢੀ ਕਰਨ ਵਾਲੇ ਹਨ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਦੱਸਿਆ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਜ਼ਿਲ੍ਹੇ ਦੇ ਕਿਸਾਨਾਂ ਨੂੰ ਪਰਾਲੀ ਪ੍ਰਬੰਧਨ ਕਰਨ ਲਈ ਲੋੜੀਂਦੀ ਮਸ਼ੀਨਰੀ ਉਪਲਬੱਧ ਕਰਵਾਉਣ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਰਵਾਇਤੀ ਤਕਨੀਕਾਂ ਦੇ ਨਾਲ ਨਾਲ ਨਵੀਨਤਮ ਤਕਨੀਕਾਂ ਦੀ ਵੀ ਵਰਤੋਂ ਕੀਤੀ ਗਈ ਹੈ, ਜਿਸ ਤਹਿਤ ਕਿਸਾਨਾਂ ਤੱਕ ਪਹੁੰਚ ਬਣਾਉਣ ਲਈ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਕੰਟਰੋਲ ਰੂਮ ਸਥਾਪਤ ਕੀਤਾ ਹੈ ਜਿਥੋਂ ਕਿਸਾਨਾਂ ਨੂੰ 'ਉੱਨਤ ਕਿਸਾਨ' ਐਪ ਸਬੰਧੀ ਜਾਣਕਾਰੀ ਦੇਣ ਸਮੇਤ ਪਰਾਲੀ ਪ੍ਰਬੰਧਨ ਕਰਨ ਵਾਲੀ ਮਸ਼ੀਨਰੀ ਦੀ ਵੀ ਬੁਕਿੰਗ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਜਿਨ੍ਹਾਂ ਕਿਸਾਨਾਂ ਨੂੰ 'ਉੱਨਤ ਕਿਸਾਨ' ਐਪ ਰਾਹੀਂ ਮਸ਼ੀਨਰੀ ਬੁੱਕ ਕਰਨ ਵਿੱਚ ਸਮੱਸਿਆ ਆਉਂਦੀ ਹੈ, ਉਨ੍ਹਾਂ ਦੀ ਮਸ਼ੀਨਰੀ ਦੀ ਬੁਕਿੰਗ ਵੀ ਕੰਟਰੋਲ ਰੂਮ ਵਿੱਚ ਤਾਇਨਾਤ ਸਟਾਫ਼ ਵੱਲੋਂ ਕੀਤੀ ਜਾ ਰਹੀ ਹੈ।ਉਨ੍ਹਾਂ ਦੱਸਿਆ ਕਿ ਕਿਸਾਨ ਪਰਾਲੀ ਪ੍ਰਬੰਧਨ ਸਬੰਧੀ ਕਿਸੇ ਵੀ ਤਰ੍ਹਾਂ ਦੀ ਸਮੱਸਿਆ ਲਈ ਕੰਟਰੋਲ ਰੂਮ ਦੇ ਨੰਬਰ 0175-2350550 'ਤੇ ਸੰਪਰਕ ਕਰ ਸਕਦੇ ਹਨ।

ਪਟਿਆਲਾ ਦੇ ਡੀ. ਸੀ. ਦਫ਼ਤਰ 'ਚ ਬਣੇ ਕੰਟਰੋਲ ਰੂਮ ਤੋਂ ਕਿਸਾਨਾਂ ਨੂੰ ਫੋਨ ਕਰਦੇ ਹੋਏ ਮੁਲਾਜ਼ਮ ਫ਼ੋਟੋ : ਸ਼ਰਮਾ ਪ੍ਰੈਸ ਕੀ ਤਾਕਤ

ਕੰਟਰੋਲ ਰੂਮ ਵਿੱਚ ਤਾਇਨਾਤ ਸਟਾਫ਼ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਉਨ੍ਹਾਂ ਵੱਲੋਂ ਮਸ਼ੀਨਰੀ ਦੀ ਬੁਕਿੰਗ ਕਰਨ ਦੇ ਨਾਲ ਨਾਲ ਜ਼ਿਲ੍ਹੇ ਵਿੱਚ ਪਰਾਲੀ ਨੂੰ ਅੱਗ ਲੱਗਣ ਦੀਆਂ ਘਟਨਾਵਾਂ ਸਬੰਧੀ ਵੀ ਸੈਟੇਲਾਈਟ ਰਾਹੀਂ ਪ੍ਰਾਪਤ ਹੁੰਦੀ ਜਾਣਕਾਰੀ ਸਬੰਧਤ ਅਧਿਕਾਰੀਆਂ ਤੱਕ ਜੀਪੀਐਸ ਲੋਕੇਸ਼ਨ ਸਮੇਤ ਪਹੁੰਚਾਈ ਜਾਂਦੀ ਹੈ ਅਤੇ ਅਧਿਕਾਰੀਆਂ ਵੱਲੋਂ ਬਣਦੀ ਕਾਰਵਾਈ ਅਮਲ ਵਿੱਚ ਲਿਆਈ ਜਾਂਦੀ ਹੈ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਕਿਸਾਨਾਂ ਵੱਲੋਂ ਵੀ 'ਉੱਨਤ ਕਿਸਾਨ' ਐਪ ਨੂੰ ਭਰਵਾਂ ਹੁੰਗਾਰਾ ਦਿੱਤਾ ਜਾ ਰਿਹਾ ਹੈ, ਜਿਸ ਤੋਂ ਇਹ ਸਪਸ਼ਟ ਹੁੰਦਾ ਹੈ ਕਿ ਕਿਸਾਨ ਵੀ ਪਰਾਲੀ ਪ੍ਰਬੰਧਨ ਕਰਨ ਅਤੇ ਵਾਤਾਵਰਨ ਨੂੰ ਦੂਸ਼ਿਤ ਹੋਣ ਤੋਂ ਬਚਾਉਣ ਲਈ ਸੁਚੇਤ ਹਨ। ਉਨ੍ਹਾਂ ਕਿਸਾਨਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਪਰਾਲੀ ਪ੍ਰਬੰਧਨ ਲਈ ਉਪਲਬੱਧ ਮਸ਼ੀਨਰੀ ਦੀ ਵਰਤੋਂ ਕਰਨ ਨੂੰ ਤਰਜੀਹ ਦੇਣ।

ਨਵੀਆਂ ਕਲਮਾਂ ਨਵੀਂ ਉਡਾਨ ਤਹਿਤ ਕਰਵਾਏ ਗਏ ਸਾਹਿਤਕ ਸਮਾਗਮ ਦੌਰਾਨ ਰਣਜੀਤ ਕੌਰ ਬਾਜਵਾ ਸਨਮਾਨਿਤ

ਜ਼ੀਰਾ, 27 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਭਵਨ ਸਰੀ ਕਨੇਡਾ ਵੱਲੋਂ ਵਿਦਿਆਰਥੀਆਂ ਨੂੰ ਕਿਤਾਬਾਂ ਨਾਲ ਜੋੜਨ ਅਤੇ ਉਹਨਾਂ ਵਿੱਚ ਸਾਹਿਤਕ ਰੁਚੀ ਪੈਦਾ ਕਰਨ ਲਈ ਸ਼ੁਰੂ ਕੀਤੇ ਗਏ ਪ੍ਰੋਜੈਕਟ 'ਨਵੀਆਂ ਕਲਮਾਂ ਨਵੀਂ ਉਡਾਨ' ਤਹਿਤ ਗੁਰਦਾਸਪੁਰ ਜ਼ਿਲ੍ਹੇ ਦੀ ਦੂਜੀ ਕਿਤਾਬ ਦਾ ਲੋਕ ਅਰਪਣ ਅਤੇ ਸਨਮਾਨ ਸਮਾਰੋਹ ? ਬੀ ਯੂ ਸੀ ਕਾਲਜ ਬਟਾਲਾ ਵਿਖੇ ਕੀਤਾ ਗਿਆ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਗੁਰਦਾਸਪੁਰ ਜ਼ਿਲ੍ਹੇ ਦੀ ਬਾਲ ਕਿਤਾਬ ਦੇ ਮੁੱਖ ਸੰਪਾਦਕ ਰਣਜੀਤ ਕੌਰ ਬਾਜਵਾ ਨੇ ਦੱਸਿਆ ਕਿ ਇਸ ਅੰਤਰਰਾਸ਼ਟਰੀ ਪ੍ਰੋਜੈਕਟ ਦੇ ਮੁਖੀ ਸੁੱਖੀ ਬਾਠ ਦਾ ਇਹ ਮਹਾਨ ਉਪਰਾਲਾ ਹੈ ਅਤੇ ਸ੍ਰ ਓਂਕਾਰ ਸਿੰਘ ਤੇਜੇ ਰਾਜ ਪੱਧਰ ਤੇ ਇਸ ਬਾਲ ਪ੍ਰੋਜੈਕਟ ਦੇ ਇੰਚਾਰਜ ਹਨ। ਮੈਡਮ ਬਾਜਵਾ ਨੇ ਦੱਸਿਆ ਕਿ ਗੁਰਦਾਸਪੁਰ ਜ਼ਿਲ੍ਹੇ ਦੀ ਦੂਜੀ ਬਾਲ ਪੁਸਤਕ ਵਿੱਚ 103 ਦੇ ਕਰੀਬ ਬਾਲ ਸਾਹਿਤਕਾਰਾਂ ਦੀਆਂ ਰਚਨਾਵਾਂ ਸ਼ਾਮਿਲ ਕੀਤੀਆਂ ਗਈਆਂ ਹਨ। ਉਹਨਾਂ ਦੱਸਿਆ ਕਿ ਕਰਵਾਏ ਗਏ ਇਸ ਸਾਹਿਤਕ ਸਮਾਗਮ ਵਿੱਚ ਸ੍ਰੀ ਸੁੱਖੀ ਬਾਠ ਕਨੇਡਾ ਸੰਸਥਾਪਕ ਪੰਜਾਬ ਭਵਨ ਸਰੀ ਕੈਨੇਡਾ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਪ੍ਰੋਗਰਾਮ ਦੀ ਪ੍ਰਧਾਨਗੀ ਸ੍ਰੀ ਅਸ਼ਵਨੀ ਕਾਂਸਰਾ ਪ੍ਰਿੰਸੀਪਲ ਬੀ ਯੂ ਸੀ ਕਾਲਜ ਬਟਾਲਾ ਅਤੇ ਜਿਲ੍ਹਾ ਭਾਸ਼ਾ ਅਫ਼ਸਰ ਡਾ ਪਰਮਜੀਤ ਸਿੰਘ ਕਲਸੀ ਸਟੇਟ ਐਵਾਰਡੀ ਨੇ ਕੀਤੀ। ਪ੍ਰਧਾਨਗੀ ਮੰਡਲ ਵਿੱਚ ਡਾ ਸਤਿੰਦਰ ਕੌਰ ਕਾਹਲੋ ਸਟੇਟ ਅਵਾਰਡੀ, ਪ੍ਰਿੰਸੀਪਲ ? ਪਰਮਜੀਤ ਕੌਰ,ਪ੍ਰਿੰਸੀਪਲ ਮੈਡਮ ਤੇਜਿੰਦਰ ਕੌਰ, ਪ੍ਰਿੰਸੀਪਲ ਸ਼ਰਨਜੀਤ ਕੌਰ, ਅਧਿਆਪਕਾ ਅਤੇ ਲੇਖਿਕਾ ਰਣਜੀਤ ਕੌਰ ਬਾਜਵਾ ਸੰਪਾਦਕ ਭਾਗ ਦੂਜਾ ਅਤੇ ਨਵੀਆਂ ਕਲਮਾਂ ਨਵੀਂ ਉਡਾਣ ਕਿਤਾਬ ਅਤੇ ਸਮੂਹ ਗੁਰਦਾਸਪੁਰ ਟੀਮ ਦੇ ਮੈਂਬਰ ਨਵਜੋਤ ਕੌਰ ਬਾਜਵਾ, ਕਮਲਜੀਤ ਕੌਰ, ਸੁਖਵਿੰਦਰ ਕੌਰ ਬਾਜਵਾ ਅਤੇ ਸ੍ਰ ਗਗਨਦੀਪ ਸਿੰਘ ਸ਼ੋਸ਼ੋਬਿੱਤ ਹੋਏ। ਇਸ ਮੌਕੇ ਕਿਤਾਬ ਵਿੱਚ ਸ਼ਾਮਿਲ ਬਾਲ ਸਾਹਿਤਕਾਰਾਂ ਨੂੰ ਪੰਜਾਬ ਭਵਨ ਸਰੀ ਵੱਲੋਂ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ। ਇਸ ਸਾਹਿਤਕ ਸਮਾਗਮ ਵਿੱਚ ਬਾਲ ਸਾਹਿਤਕਾਰਾਂ ਵੱਲੋਂ ਰਚਨਾਵਾਂ ਦੀਆਂ ਕੀਤੀਆਂ ਗਈਆਂ ਪੇਸ਼ਕਾਰੀਆਂ ਨੇ ਸਭ ਦਾ ਮਨ ਮੋਹ ਲਿਆ। ਇਸ ਬਾਲ ਪੁਸਤਕ ਬਾਰੇ ਜਾਣਕਾਰੀ ਕਿਤਾਬ ਦੀ ਮੁੱਖ ਸੰਪਾਦਿਕਾ ਸ੍ਰੀਮਤੀ ਰਣਜੀਤ ਕੌਰ ਬਾਜਵਾ ਵੱਲੋਂ ਦਿੱਤੀ ਗਈ। ਨਵਜੋਤ ਕੌਰ ਬਾਜਵਾ ਅਤੇ ਕੰਵਲਜੀਤ ਕੌਰ ਵੱਲੋਂ ਸਟੇਜ ਸਕੱਤਰ ਦੀ ਭੂਮਿਕਾ ਨਿਭਾਈ ਗਈ। ਮੈਡਮ ਸੁਖਵਿੰਦਰ ਕੌਰ ਬਾਜਵਾ ਅਤੇ ਸ੍ਰ ਗਗਨਦੀਪ ਸਿੰਘ ਵੱਲੋਂ ਸਮਾਗਮ ਵਿੱਚ ਪਹੁੰਚੀਆਂ ਸਖਸ਼ੀਅਤਾਂ ਦਾ ਧੰਨਵਾਦ ਕੀਤਾ ਗਿਆ।

ਇਸ ਦੌਰਾਨ ਬੀ ਐਨ ਓ ਮੈਡਮ ਪਰਮਜੀਤ ਕੌਰ ਨੇ ਇਸ ਪ੍ਰੋਜੈਕਟ ਅਤੇ ਕਿਤਾਬ ਨੂੰ ਇੱਕ ਵੱਡਾ ਉਪਰਾਲਾ ਦੱਸਿਆ। ਇਸ ਮੌਕੇ ਗੁਰਜਿੰਦਰ ਕੌਰ, ਸਰਬਜੀਤ ਕੌਰ, ਗੁਰਿੰਦਰ ਕੌਰ, ਵੀਨਾ ਅਰੋੜਾ, ਜਸਪਾਲ ਸਿੰਘ, ਜੈਕਬ ਤੇਜਾ, ਪ੍ਰਿੰਸੀਪਲ ਮੀਨੂੰ ਸ਼ਰਮਾਂ, ਕੁਲਵਿੰਦਰ ਕੌਰ, ਸਰਬਜੀਤ ਕੌਰ, ਵਿਜੇ ਕੁਮਾਰ, ਲਭਨੀ ਕੁਮਾਰ, ਗੁਰਦੀਸ਼ ਕੌਰ, ਨੀਟਾ ਭਾਟੀਆ,ਮੈਡਮ ਰਜਵੰਤ ਕੌਰ,ਮੈਡਮ ਹਰਸ਼ਰਨ ਕੌਰ,ਮੈਡਮ ਸਤਨਾਮ ਕੌਰ, ਨਰਿੰਦਰ ਸਿੰਘ ਪੱਗਾਂ,ਮੁਕਤਾ ਸ਼ਰਮਾ,ਆਰਤੀ, ਕੁਲਵਿੰਦਰ ਕੌਰ ਆਦਿ ਹਾਜ਼ਰ ਸਨ। ਪ੍ਰੋਗਰਾਮ ਦੇ ਅਖੀਰ ਵਿੱਚ ਗੁਰਦਾਸਪੁਰ ਜ਼ਿਲ੍ਹੇ ਦੇ ਸਰਕਾਰੀ ਅਤੇ ਪ੍ਰਾਈਵੇਟ ਸਕੂਲਾਂ ਦੇ ਗਾਈਡ ਅਧਿਆਪਕਾਂ ਨੂੰ ਪ੍ਰਸ਼ੰਸ਼ਾ ਪੱਤਰ ਅਤੇ ਇੱਕ -ਇੱਕ ਮੰਸੀ ਫ਼ਲ ਦਾ ਬੂਟਾ ਵੀ ਦਿੱਤਾ ਗਿਆ।

ਪੰਜਾਬ ਰਾਜ ਖੁਰਾਕ ਕਮਿਸ਼ਨ ਦੇ ਮੈਂਬਰ ਪ੍ਰੀਤੀ ਚਾਵਲਾ ਵੱਲੋਂ ਸਰਕਾਰੀ ਸਕੂਲਾਂ ਦਾ ਨਿਰੀਖਣ

ਪੰਜਾਬ ਰਾਜ ਖੁਰਾਕ ਕਮਿਸ਼ਨ ਦੇ ਮੈਂਬਰ ਪ੍ਰੀਤੀ ਚਾਵਲਾ ਸਰਕਾਰੀ ਸਕੂਲਾਂ ਵਿਖੇ ਮਿਡ ਡੇਅ ਮੀਲ ਦਾ ਅਚਨਚੇਤ ਨਿਰੀਖਣ ਕਰਦੇ ਹੋਏ।

ਪਟਿਆਲਾ, 27 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਰਾਜ ਖੁਰਾਕ ਕਮਿਸ਼ਨ ਦੇ ਮੈਂਬਰ ਪ੍ਰੀਤੀ ਚਾਵਲਾ ਨੇ ਪਟਿਆਲਾ ਜ਼ਿਲ੍ਹੇ 'ਚ ਸਰਕਾਰੀ ਸਕੂਲਾਂ ਤੇ ਆਂਗਣਵਾੜੀ ਸੈਂਟਰਾਂ ਵਿਖੇ ਮਿਡ ਡੇ ਮੀਲ ਦਾ ਜਾਇਜ਼ਾ ਲਿਆ। ਇਸ ਦੌਰਾਨ ਪ੍ਰੀਤੀ ਚਾਵਲਾ ਨੇ ਸਰਕਾਰੀ ਪ੍ਰਾਇਮਰੀ ਤੇ ਹਾਈ ਸਕੂਲ ਪਿੰਡ ਢਕਾਂਸੂ ਕਲਾਂ, ਸਰਕਾਰੀ ਪ੍ਰਾਇਮਰੀ ਸਕੂਲ ਐਨਟੀਸੀ 2 ਰਾਜਪੁਰਾ, ਆਂਗਣਵਾੜੀ ਕੇਂਦਰ ਢਕਾਂਸੂ ਕਲਾਂ ਸਮੇਤ ਸਰਕਾਰੀ ਪ੍ਰਾਇਮਰੀ ਸਕੂਲ ਪਿੰਡ ਪਹਿਰ ਦਾ ਦੌਰਾ ਕੀਤਾ।

ਡੂਡ ਕਮਿਸ਼ਨ ਮੈਂਬਰ ਨੇ ਸਕੂਲ ਅਧਿਆਪਕਾਂ ਤੇ ਆਂਗਣਵਾੜੀ ਸੈਂਟਰਾਂ 'ਚ ਬੱਚਿਆਂ ਨਾਲ ਵੀ ਗੱਲਬਾਤ ਕੀਤੀ ਅਤੇ ਅਧਿਆਪਕਾਂ ਵੱਲੋਂ ਬੱਚਿਆਂ ਨੂੰ ਦਿੱਤੇ ਜਾਂਦੇ ਖਾਣੇ ਦੇ ਮਾਮਲੇ 'ਤੇ ਤਸੱਲੀ ਦਾ ਪ੍ਰਗਟਾਵਾ ਕੀਤਾ। ਉਨ੍ਹਾਂ ਨੇ ਕਿਹਾ ਕਿ ਪੀਣ ਵਾਲੇ ਪਾਣੀ ਦੇ ਸੈਂਪਲ ਜਾਂਚ ਵੀ ਸਮੇਂ-ਸਮੇਂ 'ਤੇ ਜਰੂਰ ਕਰਵਾਏ ਜਾਣ। ਇਸ ਮੌਕੇ ਉਨ੍ਹਾਂ ਸਕੂਲਾਂ ਦੀਆਂ ਰਸੋਈਆਂ ਦਾ ਨਿਰੀਖਣ ਕਰਦਿਆਂ ਰਾਸ਼ਨ ਨੂੰ ਸਟੋਰ ਕਰਨ ਦੇ ਢੰਗ ਦੀ ਜਾਂਚ ਕੀਤੀ ਜਿਸ 'ਤੇ ਉਨ੍ਹਾਂ ਤਸੱਲੀ ਪ੍ਰਗਟਾਈ। ਸਰਕਾਰੀ ਪ੍ਰਾਇਮਰੀ ਸਕੂਲ ਪਿੰਡ ਪੋਹਰਾ ਦੇ ਸਕੂਲ ਸਟਾਫ਼ ਵੱਲੋਂ ਨੇੜਲੇ ਪੋਲਟਰੀ ਫਾਰਮ ਕਰਕੇ ਮੱਖੀਆਂ ਦੀ ਸਮੱਸਿਆ ਤੋਂ ਵੀ ਉਨ੍ਹਾਂ ਨੂੰ ਜਾਣੂ ਕਰਵਾਇਆ ਗਿਆ।

ਆਪਣੇ ਦੌਰੇ ਦੌਰਾਨ ਉਨ੍ਹਾਂ 2013 ਦੇ ਰਾਸ਼ਟਰੀ ਖਾਦ ਸੁਰੱਖਿਆ ਕਾਨੂੰਨ ਤਹਿਤ ਚੱਲ ਰਹੀਆਂ ਵੱਖ ਵੱਖ ਯੋਜਨਾਵਾਂ ਦੀ ਜਾਂਚ ਕੀਤੀ ਅਤੇ ਆਂਗਣਵਾੜੀ ਰਜਿਸਟਰਾਂ ਨੂੰ ਵੀ ਘੋਖਿਆ ਅਤੇ ਬੱਚਿਆਂ ਲਈ ਤਿਆਰ ਕੀਤਾ ਗਿਆ ਮਿਡ ਡੇ ਮੀਲ ਦਾ ਖਾਣ ਵੀ ਖਾਧਾਂ ਜੋ ਮਿਆਰ ਅਨੁਸਾਰ ਪਾਇਆ ਗਿਆ।

ਪ੍ਰੀਤੀ ਚਾਵਲਾ ਨੇ ਆਂਗਣਵਾੜੀ ਵਰਕਰਾਂ ਤੇ ਸੁਪਰਵਾਈਜ਼ਰਾਂ ਸਮੇਤ ਸਕੂਲ ਦੇ ਅਧਿਆਪਕਾਂ ਨੂੰ ਕੁਝ ਜਰੂਰੀ ਹਦਾਇਤਾਂ ਦਿੱਤੀਆਂ, ਜਿਸ 'ਤੇ ਇਨ੍ਹਾਂ ਨੇ ਭਰੋਸਾ ਦਿੱਤਾ ਕਿ ਬੱਚਿਆਂ ਨੂੰ ਬਿਹਤਰ ਢੰਗ ਨਾਲ ਮਿਡ ਡੇ ਮੀਲ ਖਾਣਾ ਪ੍ਰਦਾਨ ਕਰਨ ਸਬੰਧੀ ਹੋਰ ਵੀ ਸੁਧਾਰ ਕੀਤੇ ਜਾਣਗੇ।

ਸੁਖਬੀਰ ਬਾਦਲ ਬਾਰੇ ਜਥੇਦਾਰ ਸਹਿਬ ਵੱਲੋਂ ਅਕਾਲੀ ਵਫਦ ਨੂੰ ਦਿੱਤੇ ਜਵਾਬ ਦਾ ਸਵਾਗਤ ਹੈ: ਭਾਈ ਹਰਸਿਮਰਨ ਸਿੰਘ, ਡਾ ਭਗਵਾਨ ਸਿੰਘ

ਸ੍ਰੀ ਆਨੰਦਪੁਰ ਸਾਹਿਬ, 27 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਸਰਦਾਰ ਕਪੂਰ ਸਿੰਘ ਵਿਸਮਾਦੀ ਸਿੱਖ ਚਿੰਤਨ ਸਕੂਲ ਦੇ ਸੰਚਾਲਕ ਭਾਈ ਹਰਸਿਮਰਨ ਸਿੰਘ ਅਤੇ ਡਾਕਟਰ ਭਗਵਾਨ ਸਿੰਘ ਨੇ ਇਕ ਸਾਂਝੇ ਲਿਖਤੀ ਬਿਆਨ ਵਿੱਚ ਕਿਹਾ ਕਿ ਐਸ ਵੇਲੇ ਕੁੱਝ ਅਖੌਤੀ ਅਕਾਲੀ ਆਗੂਆਂ ਵੱਲੋਂ ਸਿੱਖ ਪ੍ਰੰਪਰਾਵਾਂ ਦਾ ਮਜਾਕ ਬਣਾਇਆ ਜਾ ਰਿਹਾ ਹੈ, ਜਿਸ ਦਾ ਪੰਥ ਦੇ ਵਿਦਵਾਨਾਂ ਅਤੇ ਬੁੱਧੀਜੀਵੀਆਂ ਨੂੰ ਵੀ ਗੰਭੀਰ ਨੋਟਿਸ ਲੈਣਾ ਚਾਹੀਦਾ ਹੈ।

ਦੋਹਾਂ ਸਿੱਖ ਵਿਦਵਾਨਾਂ ਨੇ ਕਿਹਾ ਕਿ ਇਤਿਹਾਸ ਵਿੱਚ ਇਹ ਪਹਿਲੀ ਵਾਰ ਹੋ ਰਿਹਾ ਹੈ ਜਦੋਂ ਸ੍ਰੀ ਅਕਾਲ ਤਖਤ ਸਾਹਿਬ ਤੋਂ ਤਨਖਾਹੀਆ ਕਰਾਰ ਦਿੱਤੇ ਜਾ ਚੁੱਕੇ ਦੋਸ਼ੀ ਵੱਲੋਂ ਉਸਦੇ ਹਮਾਇਤੀ ਤਨਖਾਹੀਏ ਵਿਅਕਤੀ ਲਈ ਚੋਣਾਂ ਵਿੱਚ ਹਿੱਸਾ ਲੈਣ ਦੇਣ ਦੀ ਇਜਾਜਤ ਮੰਗਣ ਆਏ ਹੋਣ। ਇਹ ਕੋਈ ਸਕੂਲੀ ਵਿਦਿਆਰਥੀ ਦਾ ਮਾਮਲਾ ਨਹੀਂ ਕਿ ਕੋਈ ਵੀ ਗੁਆਂਢੀ ਜਾ ਕੇ ਜਰੂਰੀ ਕੰਮ ਦੇ ਬਹਾਨੇ ਬੱਚੇ ਨੂੰ ਛੁੱਟੀ ਦਵਾ ਲਿਆਵੇ। ਇਹ ਇਕ ਅਜਿਹੇ ਆਦਮੀ ਦਾ ਮਸਲਾ ਹੈ ਜਿਸ ਨੇ ਸਿੱਖ ਸੰਸਥਾਵਾਂ ਅਤੇ ਸਿੱਖ ਪੰਥ ਦੇ ਖਿਲਾਫ ਸੰਗੀਨ ਗੁਨਾਹ ਕੀਤੇ ਹਨ ਅਤੇ ਆਪਣੀ ਕਰਨੀਆਂ ਨਾਲ ਸ਼੍ਰੋਮਣੀ ਅਕਾਲੀ ਦਲ ਵਰਗੀ ਪੰਥ ਪ੍ਰਸਤ ਪਾਰਟੀ ਨੂੰ ਬਰਬਾਦ ਕਰ ਦਿੱਤਾ। ਉਹਨਾਂ ਗੁਨਾਹਾਂ ਕਰਕੇ ਹੀ ਉਸ ਨੂੰ ਤਨਖਾਹੀਆ ਕਰਾਰ ਦਿੱਤਾ ਹੋਇਆ ਹੈ। ਤਨਖਾਹੀਆ ਹੋਣ ਦੇ ਬਾਵਜੂਦ ਉਸਨੇ ਪ੍ਰਧਾਨਗੀ ਤੋਂ ਅਸਤੀਫ਼ਾ ਨਹੀ ਦਿੱਤਾ ਅਤੇ ਆਪਣੀ ਥਾਂ ਤੇ ਇੱਕ ਅਜਿਹੇ ਵਿਅਕਤੀ ਨੂੰ ਐਕਟਿੰਗ ਪ੍ਰਧਾਨ ਨਿਯੁਕਤ ਕਰ ਦਿੱਤਾ ਜੋ ਕੋਈ ਵੀ ਫੈਸਲਾ ਆਜਾਦੀ ਨਾਲ ਨਹੀਂ ਲੈ ਸਕਦਾ।

ਪੰਥਕ ਵਿਦਵਾਨਾਂ ਨੇ ਅੱਗੇ ਕਿਹਾ ਕਿ ਮਰਿਆਦਾ ਅਨੁਸਾਰ ਸ੍ਰੀ ਅਕਾਲ ਤਖਤ ਸਾਹਿਬ ਤੋਂ ਦੋਸ਼ੀ ਕਰਾਰ ਦਿੱਤੇ ਵਿਅਕਤੀ ਨੂੰ ਮਿਲਣ ਵਾਲਾ ਵੀ ਤਨਖਾਹੀਆ ਹੁੰਦਾ ਹੈ। ਪਰ ਇਹ ਹੁਕਮ ਦੇ ਗੁਲਾਮ ਉਸ ਤਨਖਾਹੀਏ ਦੀ ਆਗਿਆ ਅਨੁਸਾਰ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਹਿਬ ਨੂੰ ਮਿਲ ਕੇ ਉਸ ਲਈ ਵੋਟਾਂ ਵਿੱਚ ਹਿੱਸਾ ਲੈਣ ਦੀ ਆਗਿਆ ਮੰਗ ਰਹੇ ਹਨ। ਇਸ ਲਈ ਇਹ ਸਾਰੇ ਵੀ ਤਨਖਾਹੀਏ ਹਨ।

ਦੋਹਾਂ ਪੰਥਕ ਵਿਦਵਾਨਾਂ ਨੇ ਜਥੇਦਾਰ ਗਿਆਨੀ ਰਘਬੀਰ ਸਿੰਘ ਜੀ ਦੇ ਉਸ ਫੈਸਲੇ ਦਾ ਸਵਾਗਤ ਕੀਤਾ ਜਿਸ ਵਿੱਚ ਉਹਨਾਂ ਨੇ ਕਿਹਾ ਹੈ ਕਿ ਤਨਖਾਹੀਆ ਕਿਸੇ ਵੀ ਚੋਣ ਜਾਂ ਪੰਥਕ ਸਰਗਰਮੀ ਵਿੱਚ ਭਾਗ ਨਹੀ ਲੈ ਸਕਦਾ। ਉਹਨਾਂ ਦਾ ਇਹ ਜਵਾਬ ਬਿਲਕੁਲ ਪਰੰਪਰਾ ਅਨੁਸਾਰ ਹੈ। ਜਥੇਦਾਰ ਸਹਿਬ ਨੇ ਜੋ ਬਿਆਨ ਦਿੱਤਾ ਹੈ ਕਿ ਇਸ ਮਸਲੇ @ਤੇ ਦੀਵਾਲੀ ਤੋਂ ਬਾਦ ਫੈਸਲਾ ਕੀਤਾ ਜਾਵੇਗਾ, ਉਹ ਵੀ ਜਰੂਰ ਸਿੱਖ ਭਾਵਨਾਵਾਂ ਅਤੇ ਪ੍ਰੰਪਰਾਵਾਂ ਅਨੁਸਾਰ ਹੋਵੇਗਾ। ਦੋਹਾਂ ਵਿਦਵਾਨਾਂ ਨੇ ਇਹ ਵੀ ਕਿਹਾ ਕਿ ਸਿਰਦਾਰ ਕਪੂਰ ਸਿੰਘ ਵਿਸਮਾਦੀ ਸਿੱਖ ਚਿੰਤਨ ਸਕੂਲ ਵੱਲੋਂ ਜਲਦੀ ਹੀ ਕੌਮ ਦੇ ਬੁਧੀਜੀਵੀਆਂ ਨੂੰ ਬੁਲਾ ਕੇ ਸ੍ਰੀ ਅਕਾਲ ਤਖ਼ਤ ਸਹਿਬ ਦੇ ਜਥੇਦਾਰ ਸਾਹਿਬ ਦੇ ਕਾਰਜ ਖੇਤਰ, ਅਧਿਕਾਰ ਖੇਤਰ ਅਤੇ ਸਿੱਖ ਪ੍ਰੰਪਰਾਵਾਂ ਬਾਰੇ ਸੈਮੀਨਾਰ ਕੀਤਾ ਜਾਵੇਗਾ।

ਪੰਜਾਬ ਸਰਕਾਰ ਵੱਲੋਂ ਸੂਬੇ 'ਚ ਸਵੱਛਤਾ ਪੰਦਰਵਾੜਾ ਮਨਾਉਣ ਦੀਆਂ ਤਿਆਰੀਆਂ ਮੁਕੰਮਲ: ਡਾ ਰਵਜੋਤ ਸਿੰਘ

ਚੰਡੀਗੜ੍ਹ, 27 ਅਕਤੂਬਰ -ਕੌਮੀ ਪੱਤ੍ਰਿਕਾ ਬਿਊਰੋ-

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸ਼ਹਿਰ ਵਾਸੀਆਂ ਨੂੰ ਸਾਫ ਸੁਥਰਾ ਵਾਤਾਵਰਣ ਮੁਹੱਈਆ ਕਰਵਾਉਣ ਲਈ ਲਗਾਤਾਰ ਯਤਨ ਕਰ ਰਹੀ ਹੈ। ਇਸੇ ਦਿਸ਼ਾ ਵਿੱਚ ਕਦਮ ਚੁੱਕਦਿਆਂ ਪੰਜਾਬ ਸਰਕਾਰ ਵੱਲੋਂ ਸੂਬੇ 'ਚ ਸਵੱਛਤਾ ਪੰਦਰਵਾੜਾ ਮਨਾਉਣ ਦੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ।

ਸਥਾਨਕ ਸਰਕਾਰਾਂ ਮੰਤਰੀ ਡਾ ਰਵਜੋਤ ਸਿੰਘ ਨੇ ਇਹ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਵੱਛਤਾ ਪੰਦਰਵਾੜਾ 27 ਅਕਤੂਬਰ- ਤੋਂ 7 ਨਵੰਬਰ ਤੱਕ ਮਨਾਇਆ ਜਾਵੇਗਾ।

ਡਾ. ਰਵਜੋਤ ਸਿੰਘ ਨੇ ਸ਼ਹਿਰੀ ਸਥਾਨਕ ਇਕਾਈਆਂ ਦੇ ਸੈਨਟਰੀ ਇੰਸਪੈਕਟਰਾਂ ਅਤੇ ਚੀਫ ਸੈਨਟਰੀ ਇੰਸਪੈਕਟਰਾਂ ਨਾਲ ਸੂਬੇ ਵਿੱਚ ਸਫਾਈ ਵਿਵਸਥਾ ਨੂੰ ਸਹੀ ਢੰਗ ਨਾਲ ਯਕੀਨੀ ਬਣਾਉਣ ਦੇ ਨਿਰਦੇਸ਼ ਦਿੰਦਿਆਂ ਕਿਹਾ ਕਿ, ''ਤੁਸੀਂ ਸਾਰੇ ਸਾਡੇ ਪਰਿਵਾਰ ਦਾ ਹਿੱਸਾ ਹੋ ਅਤੇ ਸਾਨੂੰ ਸਾਰਿਆਂ ਨੂੰ ਆਪਸੀ ਸਹਿਯੋਗ ਨਾਲ ਕੰਮ ਕਰਨ ਦੀ ਜ਼ਰੂਰਤ ਹੈ।''

ਕੈਬਨਿਟ ਮੰਤਰੀ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਵਚਨਬੱਧਤਾ ਨੂੰ ਦੁਹਰਾਉਂਦਿਆਂ ਕਿਹਾ ਕਿ ਉਹ ਸੂਬੇ ਨੂੰ ਸਾਫ ਸੁਥਰਾ ਅਤੇ ਰੰਗਲਾ ਪੰਜਾਬ ਬਣਾਉਣਾ ਚਾਹੁੰਦੇ ਹਨ। ਉਨ੍ਹਾਂ ਨੇ ਅਧਿਕਾਰੀਆਂ ਨੂੰ ਨਿਰਦੇਸ਼ ਦਿੰਦਿਆਂ ਕਿਹਾ ਕਿ ਮਿਤੀ 27 ਅਕਤੂਬਰ- ਤੋਂ 7 ਨਵੰਬਰ ਤੱਕ ਸਵੱਛਤਾ ਪੰਦਰਵਾੜਾ ਵਿੱਚ ਵੱਧ ਤੋਂ ਵੱਧ ਸਹਿਯੋਗ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਇਸ ਮੁਹਿੰਮ ਨੂੰ ਸਫਲ ਬਣਾਉਣ ਦੀ ਜ਼ਿੰਮੇਵਾਰੀ ਤੁਹਾਡੇ ਮੋਢਿਆਂ ਤੇ ਹੈ।

ਇਸ ਕੰਮ ਲਈ ਸਾਰਾ ਸਥਾਨਕ ਸਰਕਾਰਾਂ ਵਿਭਾਗ ਅਤੇ ਫੀਲਡ ਵਿੱਚ ਮਿਉਂਸੀਪਲ ਕਮਿਸ਼ਨਰਾਂ ਅਤੇ ਵਧੀਕ ਡਿਪਟੀ ਕਮਿਸ਼ਨਰਾਂ ਅਤੇ ਕਾਰਜ ਸਾਧਕ ਅਫਸਰਾਂ ਦਾ ਪੂਰਾ ਸਹਿਯੋਗ ਆਪ ਨੂੰ ਮਿਲੇਗਾ।

ਕੈਬਨਿਟ ਮੰਤਰੀ ਨੇ ਕਿਹਾ ਕਿ ਕਿਸੇ ਵੀ ਮੁਹਿਮ ਨੂੰ ਸਫਲ ਬਣਾਉਣ ਲਈ ਲੋਕਾਂ ਦੀ ਸ਼ਮੂਲੀਅਤ ਵੀ ਜ਼ਰੂਰੀ ਹੈ। ਇਸ ਲਈ ਸਵੱਛਤਾ ਪੰਦਰਵਾੜੇ ਮੁਹਿੰਮ ਵਿੱਚ ਜਿੱਥੇ ਗੈਰ ਸਰਕਾਰੀ ਸੰਸਥਾਵਾਂ ਦੀ ਸ਼ਮੂਲੀਅਤ ਯਕੀਨੀ ਬਣਾਈ ਜਾਵੇ, ਉਥੇ ਹੀ ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਸਵੱਛਤਾ ਪੰਦਰਵਾੜੇ ਵਿੱਚ ਆਪਣੇ ਆਲੇ ਦੁਆਲੇ ਨੂੰ ਸਾਫ ਰੱਖਣ ਲਈ ਸਰਕਾਰ ਦਾ ਸਹਿਯੋਗ ਕੀਤਾ ਜਾਵੇ।

ਪੀ ਐਮ ਆਈ ਡੀ ਸੀ ਦੇ ਸੀਈਉ ਦੀਪਤੀ ਉੱਪਲ ਨੇ ਕਿਹਾ ਕਿ ਸਵੱਛਤਾ ਪੰਦਰਵਾੜਾ ਦਾ ਉਦੇਸ਼ ਦੀਵਾਲੀ ਦੇ ਮੱਦੇਨਜ਼ਰ ਸਾਰੀ ਸ਼ਹਿਰੀ ਸਥਾਨਕ ਇਕਾਈਆਂ ਨੂੰ ਸਾਫ ਸੁਥਰਾ ਬਣਾਉਣਾ ਹੈ। ਇਸ ਲਈ ਉਨ੍ਹਾਂ ਮੀਟਿੰਗ ਵਿੱਚ ਹਾਜ਼ਰ ਸੈਨਟਰੀ ਇੰਸਪੈਕਟਰ ਅਤੇ ਚੀਫ ਸੈਨਟਰੀ ਇੰਸਪੈਕਟਰਾਂ ਨਾਲ ਸਵੱਛਤਾ ਪੰਦਰਵਾੜਾ ਦੇ ਪ੍ਰੋਗਰਾਮ ਬਾਰੇ ਜਾਣੂ ਕਰਵਾਇਆ।

ਸਥਾਨਕ ਸਰਕਾਰਾਂ ਵਿਭਾਗ ਦੇ ਡਾਇਰੈਕਟਰ ਗੁਰਪ੍ਰੀਤ ਸਿੰਘ ਖਹਿਰਾ ਨੇ ਕਿਹਾ ਕਿ ਸਾਫ ਸਫਾਈ ਦਾ ਕੰਮ ਵਿੱਚ ਲਗਨ ਅਤੇ ਪੂਰੀ ਤਨਦੇਹੀ ਨਾਲ ਕੀਤਾ ਜਾਵੇ।

ਮੁੱਖ ਮੰਤਰੀ ਨੂੰ ਦਿੱਤਾ ਦਾਦਾ ਬਾਡਦੇਵ ਜਨਮਹੋਤਸਵ ਦਾ ਸੱਦਾ

ਚੰਡੀਗੜ੍ਹ, 27 ਅਕਤੂਬਰ -ਕੌਮੀ ਪੱਤ੍ਰਿਕਾ ਬਿਊਰੋ-

ਮੁੱਖ ਮੰਤਰੀ ਸ੍ਰੀ ਨਾਇਬ ਸੈਨੀ ਨੂੰ ਅਖਿਲ ਹਰਿਆਣਾ ਸਰਵਜਾਤੀ ਪੁਨਿਆ ਸਮਾਜ ਵੱਲੋਂ ਆਈ ਖਾਪ ਪ੍ਰਤੀਨਿਧੀਆਂ ਨੇ 15 ਨਵੰਬਰ ਨੂੰ ਪਿੰਡ ਖਰਕ ਪੁਨਿਆ ਵਿਚ ਪ੍ਰਬੰਧਿਤ ਦਾਦਾ ਬਾਡਦੇਵ - ਜਨਮਹੋਤਸਵ ਲਈ ਭਾਵ ਪੂਰਨ ਸੱਦਾ ਦਿੱਤਾ। ਜਿਸ ਨੂੰ ਸਵੀਕਾਰ ਕਰਦੇ ਹੋਏ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਨੀ ਨੇ ਵਫਦ ਦਾ ਧੰਨਵਾਦ ਪ੍ਰਗਟਾਇਆ। ਮੰਗਲਵਾਰ ਸਵੇਰੇ ਚੰਡੀਗੜ੍ਹ ਸਥਿਤ ਮੁੱਖ ਮੰਤਰੀ ਆਵਾਸ 'ਤੇ ਭਾਜਪਾ ਸੀਨੀਆ ਨੇਤਾ ਸੁਰੇਂਦਰ ਪੁਨਿਆ ਤੇ ਸਮਾਜ ਦੇ ਮਾਣਯੋਗ ਲੋਕਾਂ ਦੀ ਅਗਵਾਈ ਹੇਠ ਪਹੁੰਚੇ ਵਫਦ ਨੇ ਇਹ ਸੱਦਾ ਦਿੱਤਾ। ਪ੍ਰੋਗ੍ਰਾਮ ਦੇ ਪ੍ਰਬੰਧ ਲਈ ਬਣਾਈ ਗਈ ਕੋਰ ਕਮੇਟੀ ਦੇ ਚੇਅਰਮੈਨ ਰਾਮਮੇਹਰ ਪੁਨਿਆ ਨੇ ਦਸਿਆ ਕਿ 15 ਨਵੰਬਰ, ਸ਼ੁਕਰਵਾਰ ਨੂੰ ਹਿਸਾਰ ਦੇ ਪਿੰਡ ਖਰਕ ਪੁਨਿਆ ਵਿਚ ਦਾਦਾ ਬਾਡਦੇਵ - ਜਨਮਹੋਤਸਵ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ। ਇਸ ਪ੍ਰੋਗ੍ਰਾਮ ਵਿਚ ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਨੀ ਦਾ ਵੀ ਸਵਾਗਤ ਕੀਤਾ ਜਾਵੇਗਾ। ਇਸ ਦੇ ਲਈ ਸਮਾਜ ਨੇ ਉਨ੍ਹਾਂ ਨੂੰ ਸੱਦਾ ਦਿੱਤਾ ਹੈ। ਜਿਸ ਨੂੰ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਨੀ ਨੇ ਸਵੀਕਾਰ ਕਰ ਲਿਆ ਹੈ। ਇਸ ਮੌਕੇ 'ਤੇ ਭਾਜਪਾ ਨੇਤਾ ਸ੍ਰੀ ਸੁਰੇਂਦਰ ਪੁਲਿਆ, ਸ਼ਮਸ਼ੇਰ ਸਿੰਘ ਨੰਬਰਦਾਰ, ਸਰੰਖਕ ਮਹੀਪਾਲ ਸ਼ਾਸਤਰੀ ਸਮੇਤ ਸਮਾਜ ਦੇ ਕਈ ਮਾਣਯੋਗ ਲੋਕ ਮੌਜੂਦ ਸਨ।ਬਿਨ੍ਹਾਂ ਪਰਚੀ-ਬਿਨ੍ਹਾਂ ਖਰਚੀ ਨੌਕਰੀ ਲਈ ਪ੍ਰਗਟਾਇਆ ਧੰਨਵਾਦ- ਵਫਦ ਨੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਨੀ ਨੂੰ ਬਿਨ੍ਹਾਂ ਖਰਚੀ-ਬਿਨ੍ਹਾਂ ਪਰਚੀ ਲਈ 25000 ਨੌਜੁਆਨਾਂ ਨੂੰ ਰੁਜਗਾਰ ਦੇਣ 'ਤੇ ਧੰਨਵਾਦ ਪ੍ਰਗਟਾਇਆ ਅਤੇ ਉਨ੍ਹਾਂ ਨੂੰ ਮਿਠਾਈ ਖਿਲਾ ਕੇ ਵਧਾਈ ਵੀ ਦਿੱਤੀ।

ਮੁੱਖ ਮੰਤਰੀ ਨਾਇਬ ਸਿੰਘ ਸੈਨੀ ਦੇ ਐਲਾਨ ਬਾਅਦ ਸਾਰੇ ਜਿਲ੍ਹਿਆਂ ਵਿਚ ਲੱਗੇ ਸਮਾਧਾਨ ਕੈਂਪ

ਚੰਡੀਗੜ੍ਹ, 27 ਅਕਤੂਬਰ -ਕੌਮੀ ਪੱਤ੍ਰਿਕਾ ਬਿਊਰੋ-

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਨੀ ਦੇ ਨਿਰਦੇਸ਼ਾਂ ਅਨੁਸਾਰ ਸੂਬੇ ਦੇ ਨਾਗਰਿਕਾਂ ਦੀ ਸਮਸਿਆਵਾਂ ਦੇ ਹੱਲ ਤਹਿਤ 27 ਅਕਤੂਬਰ ਤੋਂ ਸਾਰੇ ਜਿਲ੍ਹਿਆਂ ਵਿਚ ਸਮਾਧਾਨ ਕੈਂਪ ਦਾ ਪ੍ਰਬੰਧ ਕੀਤਾ ਗਿਆ।

ਕੈਂਪਾਂ ਵਿਚ ਸਵੇਰੇ 9 ਤੋਂ 11 ਵਜੇ ਤਕ ਸਾਰੇ ਅਧਿਕਾਰੀਆਂ ਨੇ ਦਫਤਰ ਵਿਚ ਬੈਠ ਕੇ ਆਮਜਨਤਾ ਦੀ ਸਮਸਿਆਵਾਂ ਨੂੰ ਸੁਣਿਆ ਅਤੇ ਜਿਆਦਾਤਰ ਸਮਸਿਆਵਾਂ ਦਾ ਮੌਕੇ 'ਤੇ ਹੀ ਹੱਲ ਕੀਤਾ ਗਿਆ।

ਕੈਂਪਾਂ ਵਿਚ ਆਮਜਨਤਾ ਵੱਲੋਂ ਲਗਭਗ 516 ਸ਼ਿਕਾਇਤਾਂ ਰੱਖੀਆਂ ਗਈਆਂ, ਜਿਨ੍ਹਾਂ ਵਿੱਚੋਂ 143 ਸ਼ਿਕਾਇਤਾਂ ਦਾ ਮੌਕੇ 'ਤੇ ਹੱਲ ਕੀਤਾ ਗਿਆ। ਹੋਰ ਸ਼ਿਕਾਇਤਾਂ ਸਬੰਧਿਤ ਵਿਭਾਗਾਂ ਦੇ ਅਧਿਕਾਰੀਆਂ ਦੇ ਕੋਲ ਭੇਜੀ ਗਈਆਂ।

ਕੈਂਪਾਂ ਵਿਚ ਜਿਆਦਾਤਰ ਸ਼ਿਕਾਇਤਾਂ ਪ੍ਰੋਪਰਟੀ ਆਈਡੀ, ਵੇਂਡਿੰਗ ਜੋਨ, ਪਰਿਵਾਰ ਪਹਿਚਾਣ ਪੱਤਰ ਨਾਲ ਸਬੰਧਿਤ ਆਈਆਂ। ਇਹ ਸਮਾਧਾਨ ਕੈਂਪ ਅੱਗੇ ਵੀ ਜਾਰੀ ਰਹਿਣਗੇ।

ਵਰਨਣਯੋਗ ਹੈ ਕਿ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਨੀ ਨੇ ਹਾਲ ਹੀ ਵਿਚ ਅਧਿਕਾਰੀਆਂ ਦੇ ਨਾਲ ਬੈਠ ਕੇ ਸਮਾਧਾਨ ਕੈਂਪ ਪ੍ਰਬੰਧਿਤ ਕਰਨ ਦੇ ਨਿਰਦੇਸ਼ ਦਿੱਤੇ ਸਨ ਤਾਂ ਜੋ ਨਾਗਰਿਕਾਂ ਨੂੰ ਕਿਸੇ ਵੀ ਤਰ੍ਹਾ ਦੀ ਸਮਸਿਆ ਦੇ ਹੱਲ ਤਹਿਤ ਦਫਤਰਾਂ ਦੇ ਚੱਕਰ ਨਾ ਕੱਟਣੇ ਪੈਣ। ਮੁੱਖ ਸਕੱਤਰ ਦਫਤਰ ਵੱਲੋਂ ਵੀ ਇੰਨ੍ਹਾਂ ਕੈਂਪਾਂ ਵਿਚ ਆ ਰਹੀ ਸ਼ਿਕਾਇਤਾਂ ਦੀ ਪੂਰੀ ਨਿਗਰਾਨੀ ਰੱਖੀ ਜਾ ਰਹੀ ਹੈ। ਵਿਦਿਤ ਹੈ ਕਿ ਸੂਬੇ ਵਿਚ ਤੀਜੀ ਵਾਰ ਆਈ ਸਰਕਾਰ ਵਿਚ ਲੋਕਾਂ ਨੂੰ ਵੱਧ ਤੋਂ ਵੱਧ ਸਹਿਜ ਅਤੇ ਸਰਲ ਪ੍ਰਕ੍ਰਿਆ ਤਹਿਤ ਵੱਧ ਤੋਂ ਵੱਧ ਸਹੂਲਤਾਂ ਮਹੁਇਆ ਕਰਵਾਉਣਾ ਹਰਿਆਣਾ ਸਰਕਾਰ ਦੀ ਪ੍ਰਾਥਮਿਕਤਾ ਹੈ।

ਮੁੱਖ ਮੰਤਰੀ ਵੱਲੋਂ ਸਮੀਖਿਆ ਮੀਟਿੰਗ ਵਿਚ ਅਧਿਕਾਰੀਆਂ ਨੂੰ ਜਰੂਰਤਾਂ ਅਨੁਰੂਪ ਵਿਕਾਸ ਦੀ ਕਾਰਜ ਯੋਜਨਾ ਬਨਾਉਣ ਅਤੇ ਲੋਕਾਂ ਦੀ ਸਮਸਿਆਵਾਂ ਅਤੇ ਜਰੂਰਤਾਂ ਨੂੰ ਗੰਭੀਰਤਾ ਨਾਲ ਸੁਣ ਕੇ ਉਨ੍ਹਾਂ ਦੇ ਤੁਰੰਤ ਹੱਲ ਕਰਨ ਦੇ ਵੀ ਨਿਰਦੇਸ਼ ਦਿੱਤੇ ਗਏ ਹਨ।

ਹਰਿਆਣਾ ਸਰਕਾਰ ਵੱਲੋਂ 31 ਅਕਤੂਬਰ ਨੂੰ ਗਜਟਿਡ ਛੁੱਟੀ

ਚੰਡੀਗੜ੍ਹ, 27 ਅਕਤੂਬਰ -ਕੌਮੀ ਪੱਤ੍ਰਿਕਾ ਬਿਊਰੋ-

ਹਰਿਆਣਾ ਸਰਕਾਰ ਨੇ 31 ਅਕਤੂਬਰ ਦੀਵਾਲੀ ਮੌਕੇ ਵਿਚ ਗਜਟਿਡ ਛੁੱਟੀ ਐਲਾਨ ਕੀਤੀ ਹੈ। ਮੁੱਖ ਸਕੱਤਰ ਵੱਲੋਂ ਜਾਰੀ ਨੋਟੀਫਿਕੇਸ਼ਨ ਅਨੁਸਾਰ ਹੁਣ 01 ਨਵੰਬਰ ਸ਼ੁਕਰਵਾਰ ਦੀ ਬਜਾਏ 31 ਅਕਤੂਬਰ ਵੀਰਵਾਰ ਨੂੰ ਦੀਵਾਲੀ ਦੇ ਤਿਉਹਾਰ ਰਾਜ ਦੇ ਸਾਰੇ ਵਿਭਾਗ/ਬੋਰਡ/ਨਿਗਮਾਂ/ਵਿਦਿਅਕ ਤੇ ਸੂਬੇ ਦੇ ਹੋਰ ਸੰਸਥਾਨਾਂ ਵਿਚ ਗਜਟਿਡ ਛੁੱਟੀ ਰਹੇਗੀ। ਨੋਟੀਫਿਕੇਸ਼ਨ ਅਨੁਸਾਰ 31 ਅਕਤੂਬਰ ਨੂੰ ਦੀਵਾਲੀ ਦੀ ਗਜਟਿਡ ਛੁੱਟੀ ਨੇਗੋਸ਼ਇਏਬਲ ਇੰਸਟਰੂਮੈਂਟ ਐਕਟ, 1881 ਦੀ ਧਾਰਾ 25 ਤਹਿਤ ਵੀ ਰਹੇਗਾ।

ਵਿਧਾਇਕ ਕੁਲਵੰਤ ਸਿੰਘ ਸਿੱਧੂ ਵਲੋਂ ਗਿੱਲ ਰੋਡ ਅਨਾਜ ਮੰਡੀ 'ਚ ਝੋਨੇ ਦੀ ਖਰੀਦ ਪ੍ਰਬੰਧਾਂ ਦਾ ਜਾਇਜ਼ਾ

ਲੁਧਿਆਣਾ, 27 ਅਕਤੂਬਰ -ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਸਰਕਾਰ ਕਿਸਾਨਾਂ ਤੇ ਆੜ੍ਹਤੀਆਂ ਦੇ ਹਰ ਸੰਭਵ ਸਹਿਯੋਗ ਲਈ ਤੱਤਪਰ ਹੈ ਅਤੇ ਇਸ ਝੋਨੇ ਦੀ ਖ਼ਰੀਦ ਸੀਜਨ ਦੌਰਾਨ ਕਿਸੇ ਵੀ ਤਰ੍ਹਾਂ ਦੀ ਦਿੱਕਤ ਨਹੀਂ ਆਉਣ ਦਿੱਤੀ ਜਾਵੇਗੀ।

ਇਸ ਗੱਲ ਦਾ ਪ੍ਰਗਟਾਵਾ ਵਿਧਾਨ ਸਭਾ ਹਲਕਾ ਆਤਮ ਨਗਰ ਤੋਂ ਵਿਧਾਇਕ ਸ. ਕੁਲਵੰਤ ਸਿੰਘ ਸਿੱਧੂ ਵੱਲੋਂ ਸਥਾਨਕ ਗਿੱਲ ਰੋਡ, ਨੇੜੇ ਅਰੋੜਾ ਪੈਲੇਸ ਦੀ ਅਨਾਜ ਮੰਡੀ ਵਿਖੇ ਝੋਨੇ ਦੀ ਖਰੀਦ ਪ੍ਰਬੰਧਾਂ ਦਾ ਜਾਇਜਾ ਲੈਣ ਮੌਕੇ ਕੀਤਾ।

ਵਿਧਾਇਕ ਸਿੱਧੂ ਨੇ ਕਿਹਾ ਕਿ ਮੇਰਾ ਦਫ਼ਤਰ ਬਿਲਕੁੱਲ ਦਾਣਾ ਮੰਡੀ ਨੇੜੇ ਹੈ ਅਤੇ ਅੰਨਦਾਤਾ ਨੂੰ ਕਿਸੇ ਵੀ ਤਰ੍ਹਾਂ ਦੀ ਕੋਈ ਦਿੱਕਤ ਪੇਸ਼ ਨਹੀਂ ਆਉਣ ਦਿੱਤੀ ਜਾਵੇਗੀ। ਉਨ੍ਹਾਂ ਸਬੰਧਤ ਅਧਿਕਾਰੀਆਂ ਨੂੰ ਮੰਡੀ ਵਿੱਚ ਪਾਣੀ, ਲਾਈਟਾਂ, ਬੈਠਣ, ਪਖਾਨਿਆਂ ਸਮੇਤ ਲੋੜੀਂਦੇ ਸਾਰੇ ਪ੍ਰਬੰਧ ਯਕੀਨੀ ਬਣਾਉਣ ਲਈ ਕਿਹਾ।

ਉਨ੍ਹਾਂ ਦੱਸਿਆ ਕਿ ਅਧਿਕਾਰੀਆਂ ਨੂੰ ਸਖ਼ਤ ਹਦਾਇਤਾਂ ਜਾਰੀ ਕੀਤੀਆਂ ਹਨ ਕਿ ਟ੍ਰਾਂਸਪੋਰਟ, ਭੁਗਤਾਨ, ਬਾਰਦਾਨੇ ਤੇ ਲਿਫਟਿੰਗ ਸਬੰਧੀ ਅੰਨਦਾਤਾ ਨੂੰ ਕੋਈ ਦਿੱਕਤ ਨਾ ਆਵੇ ਅਤੇ ਕਿਸਾਨਾਂ ਦਾ ਸਤਿਕਾਰ ਕੀਤਾ ਜਾਵੇ।

ਉਨ੍ਹਾਂ ਦੱਸਿਆ ਕਿ ਸੂਬੇ ਤੋਂ ਬਾਹਰੋਂ ਝੋਨੇ ਦੀ ਆਮਦ ਨਾ ਹੋਵੇ, ਇਸ ਸਬੰਧੀ ਵੀ ਸਖ਼ਤ ਕਦਮ ਚੁੱਕੇ ਗਏ ਹਨ ਜਿਸ ਤਹਿਤ ਸਰਕਾਰ ਵੱਲੋਂ ਨਾਕਾਬੰਦੀ ਕਰਕੇ ਗੱਡੀਆਂ ਦੀ ਚੈਕਿੰਗ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਇਹ ਗੱਲ ਯਕੀਨੀ ਬਣਾਈ ਜਾ ਰਹੀ ਹੈ ਕਿ ਫਸਲ ਦੀ ਖਰੀਦ ਸੁਚਾਰੂ ਢੰਗ ਨਾਲ ਹੋਵੇ ਅਤੇ ਖਰੀਦ ਨਾਲ ਜੁੜੇ ਕਿਸੇ ਵੀ ਵਿਅਕਤੀ ਨੂੰ ਕਿਸੇ ਵੀ ਤਰ੍ਹਾਂ ਦੀ ਔਕੜ ਦਾ ਸਾਹਮਣਾ ਨਾ ਕਰਨਾ ਪਵੇ।

ਸੂਬੇ ਵਿਚ ਖਰੀਫ ਫਸਲਾਂ ਦੀ ਖਰੀਦ ਸੁਚਾਰੂ ਰੂਪ ਨਾਲ ਜਾਰੀ

ਚੰਡੀਗੜ੍ਹ, 27 ਅਕਤੂਬਰ -ਕੌਮੀ ਪੱਤ੍ਰਿਕਾ ਬਿਊਰੋ-

ਹਰਿਆਣਾ ਵਿਚ ਚਾਲੂ ਖਰੀਦ ਮਾਰਕਟਿੰਗ ਸੀਜਨ ਦੌਰਾਨ ਮੰਡੀਆਂ ਵਿਚ ਝੋਨੇ ਤੇ ਬਾਜਰੇ ਦੀ ਖਰੀਦ ਸਗਮਤਾ ਨਾਲ ਜਾਰੀ ਹੈ। ਸਰਕਾਰ ਵੱਲੋਂ ਫਸਲ ਖਰੀਦ ਲਈ ਕਿਸਾਨਾਂ ਨੂੰ ਸਮੇਂ 'ਤੇ ਭੁਗਤਾਨ ਕੀਤਾ ਜਾ ਰਿਹਾ ਹੈ। ਹੁਣ ਤਕ ਝੋਨੇ ਤੇ ਬਾਜਰਾ ਕਿਸਾਨਾਂ ਨੂ 5419 ਕਰੋੜ ਰੁਪਏ ਦੀ ਰਕਮ ਸਿੱਧੇ ਉਨ੍ਹਾਂ ਦੇ ਖਾਤਿਆਂ ਵਿਚ ਟ੍ਰਾਂਸਫਰ ਕੀਤੀ ਜਾ ਚੁੱਕੀ ਹੈ।

ਖੁਰਾਕ ਅਤੇ ਸਪਲਾਈ ਵਿਭਾਗ ਦੇ ਬੁਲਾਰੇ ਨੇ ਜਾਣਕਾਰੀ ਦਿੰਦੇ ਹੋਏ ਦਸਿਆ ਕਿ ਹੁਣ ਤਕ ਵੱਖ-ਵੱਖ ਮੰਡੀਆਂ ਵਿਚ 37,78,652 ਮੀਟ੍ਰਿਕ ਟਨ ਝੋਨੇ ਦੀ ਆਮਦ ਹੋ ਚੁੱਕੀ ਹੈ। ਕੁਰੁਕਸ਼ੇਤਰ ਜਿਲ੍ਹਾ ਦੀ ਮੰਡੀਆਂ ਵਿਚ ਸੱਭ ਤੋਂ ਵੱਧ 8 ਲੱਖ 42 ਹਜਾਰ ਮੀਟ੍ਰਿਕ ਟਨ ਤੋਂ ਵੱਧ ਝੋਨਾ ਮੰਡੀਆਂ ਵਿਚ ਪਹੁੰਚਿਆ ਹੈ। ਕੁੱਲ ਆਮਦ ਵਿੱਚੋਂ 3346952 ਮੀਟ੍ਰਿਕ ਟਨ ਦੀ ਖਰੀਦ ਏਜੰਸੀਆਂ ਵੱਲੋਂ ਐਮਐਸਪੀ 'ਤੇ ਕੀਤੀ ਗਈ ਹੈ। ਹੁਣ ਤਕ 192497 ਝੋਨਾ ਕਿਸਾਨਾਂ ਨੂੰ ਲਾਭ ਪਹੁੰਚ ਰਿਹਾ ਹੈ। ਹੁਣ ਤਕ ਮੰਡੀਆਂ ਤੋਂ 2376567 ਮੀਟ੍ਰਿਕ ਟਨ ਝੋਨਾ ਦਾ ਉਠਾਨ ਕੀਤਾ ਜਾ ਚੁੱਕਾ ਹੈ।

ਬੁਲਾਰੇ ਨੇ ਦਸਿਆ ਕਿ ਇਸ ਬਾਰੇ ਆਨਲਾਇਨ ਗੇਟ ਪਾਸ ਦੀ ਸਹੂਲਤ ਮਿਲਣ ਨਾਲ ਕਿਸਾਨਾਂ ਨੂੰ ਆਪਣੀ ਫਸਲ ਵੇਚਣ ਵਿਚ ਕਾਫੀ ਸਹੂਲਤ ਹੋ ਰਹੀ ਹੈ। ਸਰਕਾਰ ਵੱਲੋਂ ਕਾਮਨ ਝੋਨਾ ਦਾ ਘੱਟੋ ਘੱਟ ਸਹਾਇਕ ਮੁੱਲ 2300 ਰੁਪਏ ਪ੍ਰਤੀ ਕੁਇੰਟਨ ਅਤੇ ਗ੍ਰੇਡ-ਏ ਝੋਨਾ ਦਾ ਸਹਾਇਕ ਮੁੱਲ 2320 ਰੁਪਏ ਪ੍ਰਤੀ ਕੁਇੰਟਲ ਦਿੱਤਾ ਜਾ ਰਿਹਾ ਹੈ। ਝੋਨਾ ਕਿਸਾਨਾਂ ਨੂੰ 4897 ਕਰੋੜ ਰੁਪਏ ਦਾ ਭੁਗਤਾਨ ਕੀਤਾ ਜਾ ਚੁੱਕਾ ਹੈ।

ਵਿਭਾਗ ਦੇ ਬੁਲਾਰੇ ਨੇ ਦਸਿਆ ਕਿ ਕੈਥਲ ਜਿਲ੍ਹਾ ਵਿਚ 743839 ਮੀਟ੍ਰਿਕ ਟਨ ਝੋਨਾ ਦੀ ਆਮਦ ਹੋਈ ਹੈ ਜਦੋਂ ਕਿ ਕਰਨਾਲ ਜਿਲ੍ਹਾ ਵਿਚ 736928 ਮੀਟ੍ਰਿਕ ਟਨ, ਅੰਬਾਲਾ ਜਿਲ੍ਹਾ ਵਿਚ 423093 ਮੀਟ੍ਰਿਕ ਟਨ, ਯਮੁਨਾਨਗਰ ਜਿਲ੍ਹਾ ਵਿਚ 397104 ਮੀਟ੍ਰਿਕ ਟਨ, ਫਤਿਹਾਬਾਦ ਜਿਲ੍ਹਾ ਵਿਚ 270614 ਮੀਟ੍ਰਿਕ ਟਨ, ਜੀਂਦ ਜਿਲ੍ਹਾ ਵਿਚ 141125 ਮੀਟ੍ਰਿਕ ਟਨ, ਸਿਰਸਾ ਜਿਲ੍ਹਾ ਵਿਚ 78859 ਮੀਟ੍ਰਿਕ ਟਨ ਅਤੇ ਪੰਚਕੂਲਾ ਜਿਲ੍ਹਾ ਵਿਚ 67434 ਮੀਟ੍ਰਿਕ ਟਨ ਝੋਨਾ ਦੀ ਆਮਦ ਹੋਈ ਹੈ।

ਬੁਲਾਰੇ ਨੇ ਦਸਿਆ ਕਿ ਝੋਨਾ ਦੇ ਨਾਲ-ਨਾਲ ਹੋਰ ਖਰੀਫ ਫਸਲਾਂ ਦੀ ਖਰੀਦ ਦਾ ਕੰਮ ਵੀ ਐਮਐਸਪੀ 'ਤੇ ਕੀਤਾ ਜਾ ਰਿਹਾ ਹੈ। ਸੂਬੇ ਵਿਚ 1 ਅਕਤੂਬਰ ਤੋਂ ਘੱਟੋ ਘੱਟ ਸਹਾਇਕ ਮੁੱਲ " ਬਾਜਰੇ ਦੀ ਖਰੀਦ ਵੀ ਜਾਰੀ ਹੈ। ਹੁਣ ਤਕ 390404 ਮੀਟ੍ਰਿਕ ਟਨ ਬਾਜਰਾ ਖਰੀਦਿਆਂ ਜਾ ਚੁੱਕਾ ਹੈ ਬਾਜਰੇ ਦੀ ਖਰੀਦ ਲਈ ਕਿਸਾਨਾਂ ਨੂੰ 522 ਕਰੋੜ ਰੁਪਏ ਤੋਂ ਵੱਧ ਭੁਗਤਾਨ ਸਿੱਧਾ ਉਨ੍ਹਾਂ ਦੇ ਖਾਤਿਆ

ਪਰਾਲੀ ਸਾੜਣ ਦੇ ਮਾਮਲਿਆਂ 'ਚ ਅਫਸਰਾਂ 'ਤੇ ਡਿੱਗੀ ਗਾਜ ! 14 ਨੂੰ ਕੀਤਾ ਮੁਅੱਤਲ

ਏਜੰਸੀਆਂ

ਚੰਡੀਗੜ੍ਹ 27 ਅਕਤੂਬਰ। ਹਰਿਆਣਾ 'ਚ ਪਰਾਲੀ ਪ੍ਰਬੰਧਨ 'ਚ ਲਾਪਰਵਾਹੀ ਵਰਤਣ ਦੇ ਦੋਸ਼ ਹੇਠ ਸਰਕਾਰ ਨੇ ਖੇਤੀਬਾੜੀ ਵਿਭਾਗ ਦੇ 14 ਅਧਿਕਾਰੀਆਂ ਤੇ ਕਰਮਚਾਰੀਆਂ ਨੂੰ ਮੁਅੱਤਲ ਕਰ ਦਿੱਤਾ ਹੈ। ਇਨ੍ਹਾਂ ਅਧਿਕਾਰੀਆਂ 'ਚ ਖੇਤੀਬਾੜੀ ਵਿਕਾਸ ਅਫਸਰ (ਏ.

ਡੀ. ਓ.) ਤੋਂ ਲੈ ਕੇ ਖੇਤੀਬਾੜੀ ਸੁਪਰਵਾਈਜਰ ਦੇ ਨਾਲ-ਨਾਲ ਕਰਮਚਾਰੀ ਵੀ ਸਾਮਲ ਹਨ। ਸਰਕਾਰ ਦੀ ਇਸ ਕਾਰਵਾਈ ਨੂੰ ਸੁਪਰੀਮ ਕੋਰਟ 'ਚ ਹੋਣ ਵਾਲੀ ਸੁਣਵਾਈ ਨਾਲ ਜੋੜਿਆ ਜਾ ਰਿਹਾ ਹੈ। ਪਰਾਲੀ ਸਾੜਨ ਨੂੰ ਲੈ ਕੇ ਹਰਿਆਣਾ ਤੇ ਦਿੱਲੀ ਸਰਕਾਰਾਂ ਆਹਮੋ-ਸਾਹਮਣੇ ਹਨ। ਪਰਾਲੀ ਸਾੜਨ ਕਾਰਨ ਸੂਬੇ ਦੇ 14 ਸਹਿਰਾਂ ਦਾ ਖਤਰਨਾਕ ਪੱਧਰ 'ਤੇ ਪਹੁੰਚ ਗਿਆ ਹੈ। ਖੇਤੀਬਾੜੀ ਵਿਭਾਗ ਦੇ ਡਾਇਰੈਕਟਰ ਰਾਜ ਨਾਰਾਇਣ ਕੌਸ਼ਿਕ ਵੱਲੋਂ 9 ਜ਼ਿਲਿਆਂ ਦੇ ਅਧਿਕਾਰੀਆਂ ਵਿਰੁੱਧ ਕਾਰਵਾਈ ਕੀਤੀ ਗਈ ਹੈ। ਮੁਅੱਤਲ ਕੀਤੇ ਗਏ ਅਧਿਕਾਰੀਆਂ 'ਚ ਪਾਣੀਪਤ ਤੋਂ ਸੰਗੀਤਾ ਯਾਦਵ ਤੇ ਸਤਿਆਵਾਨ, ਜੀਂਦ ਤੋਂ ਪੁਨੀਤ ਕੁਮਾਰ ਤੇ ਸੰਜੀਤ, ਹਿਸਾਰ ਤੋਂ ਗੋਵਿੰਦ ਤੇ ਪੂਜਾ, ਕੈਥਲ ਤੋਂ ਦੀਪਕ, ਹਰਪ੍ਰੀਤ ਸਿੰਘ ਤੇ ਯਾਦਵਿੰਦਰ ਸਿੰਘ , ਕਰਨਾਲ ਤੋਂ ਸੁਨੀਲ, ਰਾਹੁਲ ਦਹੀਆ, ਗੌਰਵ, ਫਤਿਹਾਬਾਦ ਤੋਂ ਕ੍ਰਿਸਨ ਕੁਮਾਰ, ਸੁਨੀਲ ਸਰਮਾ, ਰਾਮੇਸਵਰ, ਕੁਰੂਕਸੇਤਰ ਤੋਂ ਓਮ ਪ੍ਰਕਾਸ਼, ਪ੍ਰਤਾਪ ਸਿੰਘ, ਵਿਨੋਦ ਕੁਮਾਰ ਤੇ ਅਮਿਤ ਕੰਬੋਜ, ਅੰਬਾਲਾ ਤੋਂ ਵਿਸਾਲ ਗਿੱਲ, ਸੇਖਰ ਕੁਮਾਰ ਅਤੇ ਸੋਨੀਪਤ ਤੋਂ ਰਮੇਸ ਨਿਤਿਨ ਅਤੇ ਕਿਰਨ ਸ਼ਾਮਲ ਹਨ। ਵਿਭਾਗੀ ਸੂਤਰਾਂ ਅਨੁਸਾਰ ਪਰਾਲੀ ਸਾੜਨ ਦੇ ਵੱਧ ਰਹੇ ਮਾਮਲਿਆਂ 'ਤੇ ਕਾਰਵਾਈ ਨਾ ਕਰਨ ਲਈ ਉਕਤ ਅਧਿਕਾਰੀਆਂ ਤੇ ਕਰਮਚਾਰੀਆਂ ਵਿਰੁੱਧ ਇਹ ਕਾਰਵਾਈ ਕੀਤੀ ਗਈ ਹੈ। ਹਰਿਆਣਾ ਦੇ ਖੇਤੀਬਾੜੀ ਮੰਤਰੀ ਸ਼੍ਰਿਆਮ ਸਿੰਘ ਰਾਣਾ ਨੇ ਕਿਹਾ ਹੈ ਕਿ ਪਰਾਲੀ ਪ੍ਰਬੰਧਨ ਨੂੰ ਲੈ ਕੇ ਸਰਕਾਰ ਵੱਲੋਂ ਵੱਡੇ ਯਤਨ ਕੀਤੇ ਜਾ ਰਹੇ ਹਨ। ਖੇਤੀਬਾੜੀ ਵਿਭਾਗ ਨੂੰ ਸਾਰਾ ਸਾਜੋ-ਸਾਮਾਨ ਉਪਲਬਧ ਕਰਵਾ ਦਿੱਤਾ ਗਿਆ ਹੈ ਪਰ ਅਧਿਕਾਰੀ ਤੇ ਕਰਮਚਾਰੀ ਲਾਪ੍ਰਵਾਹੀ ਵਰਤ ਕੇ ਕਿਸਾਨਾਂ ਨੂੰ ਜਾਗਰੂਕ ਨਹੀਂ ਕਰ ਰਹੇ। ਇਸ ਕਾਰਨ ਕਿਸਾਨ ਪਰਾਲੀ ਸਾੜਨ ਲਈ ਮਜਬੂਰ ਹਨ। ਅਧਿਕਾਰੀਆਂ ਦਾ ਕੰਮ ਉਨ੍ਹਾਂ ਨੂੰ ਰੋਕਣਾ ਹੈ। ਰਾਣਾ ਨੇ ਕਿਹਾ ਕਿ ਸਰਕਾਰ ਅਜਿਹੇ ਲਾਪਰਵਾਹ ਅਧਿਕਾਰੀਆਂ ਤੇ ਕਰਮਚਾਰੀਆਂ ਖਿਲਾਫ ਸਖਤ ਕਾਰਵਾਈ ਕਰੇਗੀ।

ਪੰਜਾਬ ਦਾ ਇਹ ਨੈਸ਼ਨਲ ਹਾਈਵੇਅ ਰਹੇਗਾ ਬੰਦ, ਡਾਇਵਰਟ ਕੀਤੇ ਗਏ ਰੂਟ

ਸਰਦੂਲ ਸਿੰਘ

ਫਿਲੌਰ/ਗੋਰਾਇਆ 27 ਅਕਤੂਬਰ। ਝੋਨੇ ਦੀ ਫਸਲ ਦੀ ਲਿਫਟਿੰਗ ਨਾ ਹੋਣ ਕਾਰਨ ਕਿਸਾਨਾਂ ਵੱਲੋਂ ਲਗਾਤਾਰ ਧਰਨੇ ਦਿੱਤੇ ਜਾ ਰਹੇ ਹਨ। ਇਸੇ ਤਹਿਤ ਅੱਜ ਫਿਰ ਤੋਂ ਫਿਲੌਰ-ਗੋਰਾਇਆ ਦਰਮਿਆਨ ਫਿਲੌਰ-ਗੋਰਾਇਆ ਦਰਮਿਆਨ ਨੈਸ਼ਨਲ ਹਾਈਵੇਅ 'ਤੇ ਪਿੰਡ ਬਕਾਪੁਰ ਸਾਹਮਣੇ ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਕਿਸਾਨਾਂ, ਮਜਦੂਰਾਂ ਅਤੇ ਆੜ੍ਹਤੀਆਂ ਵੱਲੋਂ 11 ਤੋਂ 3 ਵਜੇ ਤੱਕ ਨੈਸ਼ਨਲ ਹਾਈਵੇਅ ਜਾਮ ਲਗਾਇਆ ਗਿਆ। ਇਸ ਦੌਰਾਨ ਯਾਤਰੀਆਂ ਨੂੰ ਭਾਰੀ ਮੁਸ਼ਕਿਲਾਂ ਦਾ ਸਾਹਮਣਾ ਵੀ ਕਰਨਾ ਪਿਆ। ਇਸ ਨੈਸ਼ਨਲ ਹਾਈਵੇਅ ਜਰੀਏ ਦਿੱਲੀ ਜਾਣ ਵਾਲੇ ਰਸਤੇ 'ਤੇ ਆਵਾਜਾਈ ਪੂਰੀ ਤਰ੍ਹਾਂ ਠੱਪ ਰੱਖੀ ਗਈ। ਦੱਸ ਦਈਏ ਕਿ ਕਿਸਾਨਾਂ ਨੇ ਜਲੰਧਰ ਜੰਮੂ ਨੈਸ਼ਨਲ ਹਾਈਵੇਅ 'ਤੇ ਪੈਂਦੇ ਭੋਗਪੁਰ ਰੋਡ, ਹੁਸ਼ਿਆਰਪੁਰ-ਆਦਮਪੁਰ ਰੋਡ, ਰਾਮਾਂ ਮੰਡੀ ਚੌਂਕ, ਜਲੰਧਰ- ਬਠਿੰਡਾ ਰੋਡ ਧਰਨਾ ਲਾ ਕੇ ਜਾਮ ਕੀਤੇ ਗਏ ਸਨ। ਲਗਾਏ ਗਏ ਧਰਨੇ ਦੌਰਾਨ ਕਿਸਾਨ ਜਥੇਬੰਦੀਆਂ ਵੱਲੋਂ ਐਮਰਜੈਂਸੀ ਸੇਵਾਵਾਂ ਜਿਵੇਂ ਫਾਇਰ ਬ੍ਰਿਗੇਡ, ਸਕੂਲੀ ਬੱਸਾਂ, ਐਂਬੂਲੈਂਸ ਜਾਂ ਕਿਸੇ ਨੇ ਏਅਰਪੋਰਟ 'ਤੇ ਆਉਣਾ-ਜਾਣਾ ਹੈ, ਉਨ੍ਹਾਂ ਨੂੰ ਛੋਟ ਦਿੱਤੀ ਗਈ ਹੈ। ਉਥੇ ਹੀ ਜਿਹੜਾ ਟਰੈਫਿਕ ਲੁਧਿਆਣਾ ਵੱਲੋਂ ਜਲੰਧਰ ਆਉਣਾ ਹੈ ਕਿ ਉਸ ਸਾਰੀ ਟਰੈਫਿਕ ਨੂਰਮਹਿਲ, ਨਕੋਦਰ ਰਾਹੀਂ ਕੱਢਿਆ ਜਾਵੇਗਾ। ਜਿਹਾੜਾ ਟਰੈਫਿਕ ਬੰਗਾ, ਰੋਪੜ, ਰੂਪਨਗਰ ਵੱਲ ਜਾਣਾ ਹੈ, ਉਸ ਟਰੈਫਿਕ ਨੂੰ ਨਵਾਂਸ਼ਹਿਰ ਰੋਡ ਰਾਹੀਂ ਕੱਢਿਆ ਜਾ ਰਿਹਾ ਹੈ। ਇਸੇ ਤਰ੍ਹਾਂ ਜਿਹੜਾ ਟਰੈਫਿਕ ਜਲੰਧਰ ਤੋਂ ਲੁਧਿਆਣਾ ਵੱਲ ਆਉਣਾ ਹੈ, ਉਸ ਨੂੰ ਵੱਖ-ਵੱਖ

ਪਿੰਡਾਂ ਰਾਹੀਂ ਕੱਢਿਆ ਜਾ ਰਿਹਾ ਹੈ। ਇਹ ਧਰਨਾ 11 ਤੋਂ 3 ਵਜੇ ਤੱਕ ਜਾਰੀ ਰਹੇਗਾ। ਇਸੇ ਤਰ੍ਹਾਂ ਝੋਨੇ ਦੀ ਫਸਲ ਦੀ ਲਿਫਟਿੰਗ ਨਾ ਹੋਣ ਕਾਰਨ ਨੈਸਨਲ ਹਾਈਵੇਅ ਨੰਬਰ 1 'ਤੇ ਖੰਡ ਮਿੱਲ ਚੌਂਕ 'ਤੇ ਅਣਗਿਣਤ ਕਿਸਾਨਾਂ, ਮਜਦੂਰਾਂ ਅਤੇ ਆੜ੍ਹਤੀਆਂ ਵੱਲੋਂ ਜਾਰੀ ਰੋਸ ਧਰਨਾ ਅੱਜ ਲਗਾਤਾਰ ਪੰਜਵੇਂ ਦਿਨ ਵਿਚ ਦਾਖਲ ਹੋ ਗਿਆ ਹੈ। ਉਨ੍ਹਾਂ ਵੱਲੋਂ ਹਾਈਵੇਅ ਜਾਮ ਕੀਤਾ ਗਿਆ ਹੈ। ਗੋਰਾਇਆ ਤੋਂ ਜਲੰਧਰ ਵੱਲ ਜਾਣ ਵਾਲਾ ਟਰੈਫਿਕ ਮੌਲੀ ਪਿੰਡ ਰਾਹੀਂ ਕੱਢਿਆ ਜਾ ਰਿਹਾ ਹੈ ਅਤੇ ਜਿਹੜਾ ਜਲੰਧਰ ਤੋਂ ਗੋਰਾਇਆ ਜਾਣਾ ਹੈ ਉਹ ਨਵਾਂਸ਼ਹਿਰ, ਬਾਈਪਾਸ ਤੋਂ ਕੱਢਿਆ ਜਾਵੇਗਾ। ਚੱਲ ਰਹੇ ਘਟਨਾਕ੍ਰਮ ਕਾਰਨ ਫਗਵਾੜਾ ਦੀ ਆਮ ਜਨਤਾ ਤਿਉਹਾਰਾਂ ਦੇ ਦਿਨਾਂ ਦੌਰਾਨ ਭਾਰੀ ਪਰੇਸਾਨੀ ਦੇ ਬਣੇ ਹੋਏ ਦੌਰ 'ਚੋਂ ਲੰਘਣ ਲਈ ਮਜਬੂਰ ਹੈ ਪਰ ਜ਼ਿਲ੍ਹਾ ਕਪੂਰਥਲਾ ਅਤੇ ਫਗਵਾੜਾ ਪ੍ਰਸ਼ਾਸਨ ਸਥਿਤੀ ਨੂੰ ਆਮ ਕਰਨ ਲਈ ਹਰ ਪੱਖੋਂ ਬੇਵੱਸ ਅਤੇ ਲਾਚਾਰ ਵਿਖਾਈ ਦੇ ਰਿਹਾ ਹੈ। ਕਿਸਾਨ ਜਥੇਬੰਦੀ ਦਾ ਕਹਿਣਾ ਹੈ ਕਿ ਵਾਰ-ਵਾਰ ਮੰਗ ਕਰਨ ਦੇ ਬਾਵਜੂਦ ਝੋਨੇ ਦੀ ਖਰੀਦ ਦੇ ਕੰਮ ਵਿਚ ਕੋਈ ਸੁਧਾਰ ਨਹੀਂ ਹੋਇਆ। ਕਿਸਾਨ ਅੱਜ ਸਵੇਰੇ 11 ਵਜੇ ਤੋਂ ਦੁਪਹਿਰ 3 ਵਜੇ ਤੱਕ 4 ਘੰਟੇ ਲਈ ਸੂਬੇ ਭਰ ਦੀਆਂ ਮੰਡੀਆਂ ਦੇ ਆਲੇ-ਦੁਆਲੇ ਮੁੱਖ ਸੜਕਾਂ ਜਾਮ ਕੀਤੀਆਂ ਗਈਆਂ ਹਨ। ਐੱਸ.ਕੇ. ਐੱਮ. ਤੋਂ ਇਲਾਵਾ ਹੋਰ ਜਥੇਬੰਦੀਆਂ ਵੀ ਝੋਨੇ ਦੀ ਖਰੀਦ ਨੂੰ ਲੈ ਕੇ ਸਰਕਾਰ ਖ਼ਿਲਾਫ ਹੋ ਗਈਆਂ ਹਨ। ਪੰਜਾਬ ਕਿਸਾਨ ਮਜਦੂਰ ਸੰਘਰਸ ਕਮੇਟੀ ਦੇ ਆਗੂ ਸਰਵਣ ਸਿੰਘ ਪੰਧੇਰ ਨੇ ਐਲਾਨ ਕੀਤਾ ਹੈ ਕਿ 26 ਅਕਤੂਬਰ ਨੂੰ ਮਾਝਾ-ਮਾਲਵਾ-ਦੁਆਬਾ ਖੇਤਰ ਵਿਚ ਹਾਈਵੇ ਜਾਮ ਕੀਤਾ ਜਾਵੇਗਾ। ਇਹ ਅੰਦੋਲਨ 26 ਅਕਤੂਬਰ ਨੂੰ ਦੁਪਹਿਰ 1 ਵਜੇ ਸ਼ੁਰੂ ਹੋਵੇਗਾ ਅਤੇ ਅਣਮਿੱਥੇ ਸਮੇਂ ਲਈ ਜਾਰੀ ਰਹੇਗਾ। ਮੰਗਾਂ ਨਾ ਮੰਨੇ ਜਾਣ ਤੱਕ ਅੰਦੋਲਨ ਜਾਰੀ ਰਹੇਗਾ। ਇਹ ਅੰਦੋਲਨ ਪਰਾਲੀ ਨੂੰ ਸਾੜਨ, ਝੋਨੇ ਦੀ ਸੁਸਤ ਖਰੀਦ ਅਤੇ ਡੀ. ਏ. ਪੀ. ਲਈ ਦਰਜ ਐੱਫ. ਆਈ. ਆਰ. ਦੇ ਮੁੱਦੇ 'ਤੇ ਹੋਵੇਗਾ।

ਅਕਾਲੀ ਦਲ ਦੇ ਵਫਦ ਨੇ ਸ਼੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਨਾਲ ਕੀਤੀ ਮੁਲਾਕਾਤ

ਅੰਮ੍ਰਿਤਸਰ 27 ਅਕਤੂਬਰ। ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਵੱਲੋਂ ਪਿਛਲੇ ਦਿਨੀਂ ਅਕਾਲੀ ਦਲ ਦੇ ਸਾਬਕਾ ਪ੍ਰਧਾਨ ਸੁਖਬੀਰ ਬਾਦਲ ਨੂੰ ਤਨਖਾਹੀਆ ਕਰਾਰ ਦਿੱਤਾ ਗਿਆ ਸੀ। ਪੰਜਾਬ ਦੇ ਚਾਰ ਵਿਧਾਨ ਸਭਾ ਹਲਕਿਆਂ ਵਿਚ ਹੋਣ ਵਾਲੀਆਂ ਜ਼ਿਮਨੀ ਚੋਣਾਂ ਨੂੰ ਲੈ ਕੇ ਦੇਰ ਰਾਤ ਅਕਾਲੀ ਦਲ ਦਾ ਇਕ ਵਫਦ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੂੰ ਮਿਲਿਆ, ਜਿਸ ਵਿਚ ਸੁਖਬੀਰ ਬਾਦਲ ਨੂੰ ਗਿੱਦੜਬਾਹਾ ਤੋਂ ਚੋਣ ਲੜਾਉਣ ਲਈ ਰਾਹਤ ਮੰਗੀ ਗਈ। ਜਥੇਦਾਰ ਨਾਲ ਮੁਲਾਕਾਤ ਮਗਰੋਂ ਅਕਾਲੀ ਦਲ ਦੇ ਬੁਲਾਰੇ ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਅਕਾਲੀ ਦਲ ਦੇ

ਕਾਰਜਕਾਰੀ ਪ੍ਰਧਾਨ ਬਲਵਿੰਦਰ ਸਿੰਘ ਭੂੰਦੜ ਦੀ ਅਗਵਾਈ 'ਚ ਵਫਦ ਨੇ ਜਥੇਦਾਰ ਨਾਲ ਮੁਲਾਕਾਤ ਕੀਤੀ ਹੈ। ਉਨ੍ਹਾਂ ਕਿਹਾ ਕਿ ਅੱਜ ਦੇ ਸਮੇਂ ਵਿਚ ਸਾਡੀਆਂ ਸਿੱਖ ਸੰਸਥਾਵਾਂ 'ਤੇ ਵੱਡੇ ਹਮਲੇ ਹੋ ਰਹੇ ਹਨ, ਜੋ ਬਹੁਤ ਹੀ ਚਿੰਤਾ ਦਾ ਵਿਸ਼ਾ ਹੈ। ਚੀਮਾ ਨੇ ਕਿਹਾ ਕਿ ਸ੍ਰੀ ਅਕਾਲ ਤਖਤ ਸਾਹਿਬ ਦੇ ਫੈਸਲਿਆਂ ਤੋਂ ਬਿਨਾਂ ਕੋਈ ਵੀ ਕੰਮ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਕਿਹਾ ਕਿ ਹੁਣ ਪੰਜਾਬ ਵਿਚ ਅਚਾਨਕ ਜ਼ਿਮਨੀ ਚੋਣਾਂ ਦਾ ਐਲਾਨ ਹੋਇਆ ਹੈ, ਜਿਸ ਬਾਬਤ ਉਹ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਨਾਲ ਮੀਟਿੰਗ ਕਰਨ ਪਹੁੰਚੇ ਹਨ। ਉਨ੍ਹਾਂ ਕਿਹਾ ਕਿ ਸੁਖਬੀਰ ਬਾਦਲ ਨੂੰ ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਤਨਖਾਹੀਆ ਕਰਾਰ ਦੇਣ ਤੋਂ ਬਾਅਦ ਉਹ ਘਰ ਵਿਚ ਬੈਠ ਗਏ ਅਤੇ ਕਿਸੇ ਵੀ ਪ੍ਰੋਗਰਾਮ ਵਿਚ ਹਿੱਸਾ ਨਹੀਂ ਲੈ ਰਹੇ ਪਰ ਪੰਜਾਬ ਵਾਸੀ ਚਾਹੁੰਦੇ ਹਨ ਕਿ ਇਸ ਸਰਕਾਰੀ ਤੰਤਰ ਖਿਲਾਫ ਲੜਿਆ ਜਾਵੇ। ਇਸ ਮੌਕੇ ਗੁਲਜਾਰ ਸਿੰਘ ਰਣੀਕੇ ਸਮੇਤ ਕਈ ਅਕਾਲੀ ਆਗੂ ਹਾਜ਼ਰ ਸਨ।

ਕਲਯੁਗੀ ਪਿਓ ਦੀ ਸ਼ਰਮਨਾਕ ਕਰਤੂਤ ! 8 ਸਾਲਾ ਪੁੱਤ ਨਾਲ ਮਿਟਾਈ ਹਵਸ, ਬੱਚੇ ਦੀ ਵਿਗੜੀ ਹਾਲਤ

ਜਗਰਾਓਂ 27 ਅਕਤੂਬਰ। ਜਗਰਾਓਂ ਦੇ ਨਜਦੀਕ ਬਣੀ ਇਕ ਠਾਠ ਦੇ ਇਕ ਸੇਵਾਦਾਰ 'ਤੇ ਆਪਣੇ ਹੀ 8 ਸਾਲਾ ਮਤਰੇਏ ਪੁੱਤਰ ਨਾਲ ਬਦਫੈਲੀ ਕਰਨ ਦੀ ਲਿਖਤੀ ਸ਼ਿਕਾਇਤ ਮਾਂ ਨੇ ਥਾਣਾ ਸਿਟੀ ਜਗਰਾਓਂ ਨੂੰ ਦਿੱਤੀ ਹੈ। ਪੀੜਤ ਬੱਚੇ ਦੀ ਮਾਂ ਨੇ ਦੱਸਿਆ ਕਿ ਉਸਦੇ ਦੋ ਵਿਆਹ ਹੋਏ ਹਨ ਅਤੇ ਪਹਿਲੇ ਵਿਆਹ ਤੋਂ ਉਸ ਦਾ ਬੇਟਾ ਹੈ ਅਤੇ ਉਸ ਦਾ ਦੂਸਰਾ ਵਿਆਹ ਠਾਠ 'ਤੇ ਸੇਵਾ ਕਰ ਰਹੇ ਵਿਅਕਤੀ ਨਾਲ ਹੋਇਆ ਸੀ ਅਤੇ ਉਹ ਵੀ ਆਪਣੇ ਬੇਟੇ ਨਾਲ ਚਾਰ ਸਾਲ ਪਹਿਲਾਂ ਠਾਠ 'ਤੇ ਹੀ ਰਹਿੰਦੀ ਸੀ ਉਪਰੰਤ ਉਸਦੇ ਦੂਸਰੇ ਪਤੀ ਨੇ ਉਸ ਨਾਲ ਵੀਡੀਓ ਕਾਲ 'ਤੇ ਹੀ ਤਲਾਕ ਲੈ ਲਿਆ ਅਤੇ ਉਸਦੇ ਬੇਟੇ ਨੂੰ ਆਪਣੇ ਕੋਲ ਹੀ ਰੱਖ ਲਿਆ। ਬੱਚੇ ਦੀ ਮਾਂ ਨੇ ਦੱਸਿਆ ਕਿ 15 ਦਿਨ ਪਹਿਲਾਂ ਉਸ ਨੂੰ ਉਸ ਦੇ ਨਾਬਾਲਿਗ ਬੇਟੇ ਦਾ ਫੋਨ ਆਇਆ, ਜਿਸ ਵਿਚ ਉਸ ਨੇ ਦੱਸਿਆ ਕਿ ਉਸ ਨਾਲ ਮਤਰੇਏ ਪਿਓ ਨੇ ਗਲਤ ਕੰਮ ਕੀਤਾ ਹੈ ਅਤੇ ਉਸ ਤੋਂ ਤੁਰਿਆ ਵੀ ਨਹੀਂ ਜਾ ਰਿਹਾ ਅਤੇ ਖ਼ੂਨ ਦੀਆਂ ਉਲਟੀਆਂ ਆ ਰਹੀਆਂ ਹਨ, ਜਿਸ ਤੋਂ ਬਾਅਦ ਉਸ ਨੇ ਆਪਣੇ ਤੌਰ 'ਤੇ ਠਾਠ ਵਿਖੇ ਆਪਣੇ ਬੱਚੇ ਦੀ ਭਾਲ ਕਰਨੀ ਸ਼ੁਰੂ ਕਰ ਦਿੱਤੀ ਤਾਂ ਉਸ ਦੇ ਪਤੀ ਨੇ ਫੋਨ ਕਰ ਕੇ ਪੁਲਸ ਕੋਲ ਨਾ ਜਾਣ ਬਾਰੇ ਆਖਿਆ ਅਤੇ ਪੁਲਸ ਕੋਲ ਜਾਣ 'ਤੇ ਜਾਨੋਂ ਮਾਰਨ ਦੀਆਂ ਧਮਕੀਆਂ ਦਿੱਤੀਆਂ। ਬੱਚੇ ਦੀ ਮਾਂ ਨੇ ਦੱਸਿਆ ਕਿ ਹੁਣ ਮੈਨੂੰ ਲੱਗਦਾ ਹੈ ਕਿ ਮੇਰੇ ਬੱਚੇ ਨੂੰ ਉਸ ਨੇ ਅਗਵਾ ਕਰ ਲਿਆ ਹੈ ਕਿਉਂਕਿ ਉਹ ਮੈਨੂੰ ਕਿਤੇ ਵੀ ਨਹੀਂ ਮਿਲ ਰਿਹਾ। ਪੀੜਤ ਦੀ ਮਾਂ ਨੇ ਦੱਸਿਆ ਕਿ ਹੁਣ 15 ਦਿਨਾਂ ਬਾਅਦ ਉਹ ਸਿੱਖ ਜਥੇਬੰਦੀਆਂ ਦੇ ਸੰਪਰਕ ਵਿਚ ਆਈ ਅਤੇ ਉਨ੍ਹਾਂ ਨੇ ਉਸ ਨੂੰ ਸਿਟੀ ਥਾਣੇ ਜਗਰਾਓਂ ਵਿਖੇ ਨਾਲ ਲਿਆ ਕੇ ਸ਼ਿਕਾਇਤ ਦਰਜ ਕਰਵਾਈ ਹੈ। ਇਸ ਸਬੰਧੀ ਥਾਣਾ ਸਿਟੀ ਇੰਚਾਰਜ ਅੰਮ੍ਰਿਤਪਾਲ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੂੰ ਬੱਚੇ ਦੀ ਮਾਂ ਨੇ ਆਪਣੇ ਬੱਚੇ ਨਾਲ ਗਲਤ ਕੰਮ ਹੋਣ ਦੀ ਸ਼ਕਾਇਤ ਦਰਜ ਕਰਵਾਈ ਹੈ, ਜਿਸ ਸਬੰਧੀ ਪੁਲਸ ਵੱਲੋਂ ਜਾਂਚ ਕਰ ਕੇ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

ਨਾਬਾਲਿਗਾ ਨਾਲ ਜਬਰ-ਜਿਨਾਹ ਕਰਨ ਦਾ ਵਾਲੇ ਦੋਸ਼ੀ ਨੂੰ ਫਾਸਟ ਟ੍ਰੈਕ ਅਦਾਲਤ ਨੇ ਸੁਣਾਈ ਮਿਸਾਲੀ ਸਜਾ

ਕਿਸ਼ਨ ਪਾਲ

ਗੁਰਦਾਸਪੁਰ 27 ਅਕਤੂਬਰ। ਇਕ 14 ਸਾਲਾ ਵਿਦਿਆਰਥਣ ਨੂੰ ਵਿਆਹ ਦਾ ਲਾਲਚ ਦੇ ਕੇ ਭਜਾ ਕੇ ਲੈ ਜਾਣ ਅਤੇ ਉਸ ਨਾਲ ਜਬਰ-ਜ਼ਿਨਾਹ ਕਰਨ ਵਾਲੇ ਮੁਲਜਮ ਨੂੰ ਫਾਸਟ ਟ੍ਰੈਕ ਅਦਾਲਤ ਦੇ ਵਧੀਕ ਜ਼ਿਲ੍ਹਾ ਤੇ ਸ਼ੈਸਨ ਜੱਜ ਬਲਜਿੰਦਰ ਸਿੰਘ ਸਿੱਧੂ ਨੇ 20 ਸਾਲ ਦੀ ਕੈਦ ਦੀ ਸਜ਼ਾ ਅਤੇ 2 ਲੱਖ 85 ਹਜ਼ਾਰ ਰੁਪਏ ਦਾ ਜੁਰਮਾਨੇ ਦਾ ਹੁਕਮ ਸੁਣਾਇਆ। ਜੱਜ ਬਲਜਿੰਦਰ ਸਿੰਘ ਸਿੱਧੂ ਵੱਲੋਂ ਸੁਣਾਏ ਫੈਸਲੇ ਅਨੁਸਾਰ ਗੁਰਦਾਸਪੁਰ ਸਦਰ ਪੁਲਸ ਦੇ ਇਕ ਪਿੰਡ ਦੀ ਰਹਿਣ ਵਾਲੀ ਇਕ ਨਾਬਾਲਿਗਾ 14 ਸਾਲਾ ਨੌਵੀਂ ਕਲਾਸ ਦੀ ਵਿਦਿਆਰਥਣ ਦੇ ਪਿਤਾ ਨੇ ਪੁਲਸ ਨੂੰ ਦਿੱਤੀ ਸ਼ਿਕਾਇਤ 'ਚ ਦੱਸਿਆ ਕਿ ਉਹ ਅਤੇ ਉਸ ਦੀ ਪਤਨੀ 24 ਮਾਰਚ 2022 ਨੂੰ ਘਰ ਵਿਚ ਨਹੀਂ ਸਨ, ਜਦ ਸ਼ਾਮ ਨੂੰ ਘਰ ਆਏ ਤਾਂ ਵੇਖਿਆ ਕਿ ਉਨ੍ਹਾਂ ਦੀ ਲੜਕੀ ਘਰ ਵਿਚ ਨਹੀਂ ਸੀ। ਪੁੱਛਗਿੱਛ ਕਰਨ 'ਤੇ ਪਤਾ ਲੱਗਾ ਕਿ ਕੁੜੀ ਨੂੰ ਸੰਦੀਪ ਸਿੰਘ ਪੁੱਤਰ ਸੰਤੋਖ ਸਿੰਘ, ਜਿਸ ਨੂੰ

ਤਰਲੋਕ ਸਿੰਘ ਵੀ ਕਿਹਾ ਜਾਂਦਾ ਹੈ, ਨਿਵਾਸੀ ਪਿੰਡ ਜਾਗੋਚੱਕ ਟਾਂਡਾ, ਪੁਲਸ ਸਟੇਸ਼ਨ ਬਹਿਰਾਮਪੁਰ ਵਿਆਹ ਦਾ ਲਾਲਚ ਦੇ ਕੇ ਭਜਾ ਕੇ ਲੈ ਗਿਆ। ਪੁਲਸ ਨੇ ਕੁੜੀ ਨੂੰ ਬਰਾਮਦ ਕਰ ਕੇ ਮੁਲਜਮ ਨੂੰ ਗ੍ਰਿਫਤਾਰ ਕਰ ਲਿਆ। ਅਦਾਲਤ ਵਿਚ ਪੀੜਤਾ ਦਾ ਬਿਆਨ ਵੀ ਦਰਜ ਕਰਵਾਇਆ ਅਤੇ ਉਸ ਦੇ ਬਾਅਦ ਮੁਲਜਮ ਸੰਦੀਪ ਸਿੰਘ ਦੇ ਖਿਲਾਫ ਗੁਰਦਾਸਪੁਰ ਸਦਰ ਪੁਲਸ ਸਟੇਸ਼ਨ 'ਚ ਦਰਜ ਕੇਸ 'ਚ ਧਾਰਾ 363, 366, 376, 506 ਅਤੇ ਪੈਸਕੋ ਐਕਟ ਅਧੀਨ ਕੇਸ ਦਰਜ ਕਰ ਕੇ ਉਸਨੂੰ ਅਦਾਲਤ ਵਿਚ ਪੇਸ਼ ਕਰ ਕੇ ਅਦਾਲਤ ਦੇ ਹੁਕਮ 'ਤੇ ਜੇਲ੍ਹ ਭੇਜਿਆ ਗਿਆ। ਮਾਨਯੋਗ ਜੱਜ ਨੇ ਸਰਕਾਰੀ ਵਕੀਲ ਹਰਦੀਪ ਸਿੰਘ ਵੱਲੋਂ ਕੇਸ ਦੀ ਪੈਰਵੀ ਕਰਦੇ ਹੋਏ ਪੇਸ ਗਵਾਹਾਂ ਅਤੇ ਸਬੂਤਾਂ ਦੇ ਆਧਾਰ 'ਤੇ ਸੰਦੀਪ ਸਿੰਘ ਨੂੰ ਦੋਸ਼ੀ ਮੰਨਿਆ ਗਿਆ, ਜਿਸ 'ਤੇ ਜੱਜ ਨੇ ਦੋਸ਼ੀ ਨੂੰ ਧਾਰਾ 376